# ਦੁੱਖ ਭੋਗਣਾ

ਫ੍ਰੈਂਕਲਿਨ ਵੱਲੋਂ ਇੱਕ ਅਧਿਐਨ

ੳ. ਜਾਣ-ਪਛਾਣ

ਅ. ਪਾਪ ਦੇ ਕਾਰਨ ਦੁੱਖ ਭੋਗਣਾ

1. ਮਨੁੱਖ ਆਪਣੇ ਅਤੇ ਦੂਸਰਿਆਂ ਉੱਤੇ ਦੁੱਖ ਲਿਆਉਂਦਾ ਹੈ
2. ਪਾਪ ਸ਼ਤਾਨ ਦੇ ਰਾਜ ਦਾ ਸੱਭਿਆਚਾਰ ਅਤੇ ਕਨੂੰਨ ਹੈ
3. ਜਦੋਂ ਇੱਕ ਵਿਸ਼ਵਾਸੀ ਪਾਪ ਕਰਦਾ ਹੈ ਤਾਂ ਉਹ ਸ਼ਤਾਨ ਦੇ ਰਾਜ ਵਿੱਚ ਦਾਖਲ ਹੋ ਜਾਂਦਾ ਹੈ

ੲ. ਪਾਪੀਆਂ ਤੋਂ ਦੁੱਖ ਭੋਗਣਾ

1. ਜਦੋਂ ਅਸੀਂ ਖੁਸ਼ਖਬਰੀ ਦਾ ਪ੍ਰਚਾਰ ਕਰਦੇ ਹਾਂ

2. ਅਸੀਂ ਯੁੱਧ ਵਿੱਚ ਹਾਂ

ਸ. ਦੁੱਖ ਭੋਗਣਾ, ਜਿਸ ਦਾ ਇਸਤੇਮਾਲ ਸਾਡਾ ਪਿਤਾ ਕਰਦਾ ਹੈ

1. ਸਾਡੀ ਵਫ਼ਾਦਾਰੀ ਅਤੇ ਵਿਸ਼ਵਾਸ ਦੀ ਪਰਖ ਕਰਨ ਲਈ

2. ਸਾਡੇ ਚਰਿੱਤਰ ਨੂ ਸੰਪੂਰਨ ਕਰਨ ਲਈ

3. ਆਪਣੇ ਨਾਮ ਨੂੰ ਮਹਿਮਾ ਦੇਣ ਲਈ

4. ਕੁਝ ਬਿਮਾਰੀਆਂ ਦੇ ਕਾਰਨ ਦੁੱਖ ਭੋਗਣਾ ਉਸ ਦੀ ਮਹਿਮਾ ਲਈ ਹੈ

5. ਸਾਨੂੰ ਦੂਸਰਿਆਂ ਦੀ ਸੇਵਾ ਕਰਨ ਲਈ ਤਿਆਰ ਕਰਨ ਵਾਸਤੇ

6. ਸਾਡੀ ਰੱਖਿਆ ਕਰਨ ਅਤੇ/ਜਾਂ ਸਾਡੀ ਅਗਵਾਈ ਕਰਨ ਲਈ

7. ਕੁਝ ਦੁੱਖ ਭੋਗਣਾ, ਪਰਮੇਸ਼ੁਰ ਵੱਲੋਂ ਅਨੁਸ਼ਾਸ਼ਿਤ ਕੀਤੇ ਜਾਣ ਦਾ ਨਤੀਜਾ ਹੁੰਦਾ ਹੈ

# ਦੁੱਖ ਭੋਗਣਾ

ਫ੍ਰੈਂਕਲਿਨ ਦੁਆਰਾ ਇੱਕ ਅਧਿਐਨ

## ੳ. ਜਾਣ-ਪਛਾਣ

ਯੂਹੰਨਾ 16:33   ਜਗਤ ਵਿੱਚ **ਤੁਹਾਨੂੰ ਕਸ਼ਟ ਹੈ**

(ਕਸ਼ਟ - ਪਰੇਸ਼ਾਨੀ - ਦੁੱਖ - ਸਤਾਓ - ਦਬਾਓ)

ਰਸੂਲਾਂ ਦੇ ਕਰਤੱਬ 14:22 ਅਰ ਚੇਲਿਆਂ ਦੇ ਮਨਾਂ ਨੂੰ ਤਕੜੇ ਕਰਦੇ ਅਰ ਇਹ ਉਪਦੇਸ਼ ਦਿੰਦੇ ਸਨ ਕਿ ਨਿਹਚਾ ਵਿੱਚ ਬਣੇ ਰਹੋ ਅਤੇ ਕਿਹਾ ਭਈ ਅਸੀਂ **ਬਹੁਤ ਬਿਪਤਾ ਸਹਿ ਕੇ** ਪਰਮੇਸ਼ਰ ਦੇ ਰਾਜ ਵਿੱਚ ਵੜਨਾ ਹੈ।

## ਅ. ਪਾਪ ਦੇ ਕਾਰਨ ਦੁੱਖ ਭੋਗਣਾ

### 1. ਮਨੁੱਖ ਆਪਣੇ ਅਤੇ ਦੂਸਰਿਆਂ ਉੱਤੇ ਵੱਡਾ ਦੁੱਖ ਲਿਆਉਂਦਾ ਹੈ

ਮਨੁੱਖ ਦਾ ਪਾਪੀ ਸੁਭਾਅ ਲੈ ਕੇ ਆਉਂਦਾ ਹੈ: ਭ੍ਰਿਸ਼ਟਾਚਾਰ - ਝੂਠ - ਧੋਖਾ - ਚੋਰੀ - ਕਤਲ - ਹਿੰਸਾ - ਬੰਦੂਕਾਂ - ਬੰਬ - ਧਰਤੀ ਹੇਠ ਵਿਸਫੋਟਕ ਸਮੱਗਰੀ ਦਾ ਜਾਲ - ਸਤਾਓ - ਬਲਾਤਕਾਰ - ਰਿਸ਼ਤਿਆਂ ਵਿੱਚ ਬਲਾਤਕਾਰ - ਅਤੇ ਇਹ ਸੂਚੀ ਇਸੇ ਤਰ੍ਹਾਂ ਹੀ ਚੱਲਦੀ ਰਹਿੰਦੀ ਹੈ।

ਯਿਰਮਿਯਾਹ 17:9 ਦਿਲ ਸਭ ਚੀਜ਼ਾਂ ਨਾਲੋਂ ਧੋਖੇਬਾਜ਼ ਹੈ, ਉਹ ਪੁੱਜ ਕੇ ਖਰਾਬ ਹੈ, ਉਹ ਨੂੰ ਕੌਣ ਜਾਣ ਸੱਕਦਾ ਹੈ?

ਇਬਰਾਨੀਆਂ 3:7-19 ਤਾਂ ਜੋ ਤੁਹਾਡੇ ਵਿੱਚੋਂ ਕੋਈ ਪਾਪ ਦੇ ਧੋਖੇ ਨਾਲ ਕਠੋਰ ਨਾ ਹੋ ਜਾਵੇ।

ਪਾਪ ਸੰਸਾਰ ਵਿੱਚਲੇ ਸਾਰੇ ਦੁੱਖਾਂ ਦੀ ਜੜ੍ਹ ਹੈ।

ਪਾਪ ਦੀ ਵਿਨਾਸ਼ਕਾਰੀ ਜ਼ਹਿਰ ਹਰੇਕ ਵਿਅਕਤੀ ਦੀਆਂ ਨਾੜਾਂ ਵਿੱਚ ਹੈ ਜੋ ਉਸ ਦੇ ਉੱਤੇ ਅਤੇ ਦੂਸਰਿਆਂ ਉੱਤੇ ਦੁੱਖ ਅਤੇ ਮੌਤ ਨੂੰ ਲਿਆਉਂਦੀ ਹੈ।

- ਉਦਾਹਰਣ ਲਈ: ਮੇਰੇ ਦੋਸਤ ਨੂੰ ਸੱਪ ਨੇ ਕੱਟਿਆ।

ਪਾਪ ਐਨਾ ਪਾਪਮਈ ਹੈ ਕਿ ਮਨੁੱਖ ਸਹੀ ਅਤੇ ਗਲਤ ਵਿੱਚ ਫ਼ਰਕ ਨਹੀਂ ਕਰ ਪਾਉਂਦਾ:
ਯਸਾਯਾਹ 5:20 ਹਾਇ ਓਹਨਾਂ ਉੱਤੇ ਜਿਹੜੇ ਬੁਰਿਆਈ ਨੂੰ ਭਲਿਆਈ ਅਤੇ ਭਲਿਆਈ ਨੂੰ ਬੁਰਿਆਈ ਆਖਦੇ ਹਨ! ਜਿਹੜੇ ਅਨ੍ਹੇਰ ਨੂੰ ਚਾਨਣ ਦੇ ਥਾਂ, ਅਤੇ ਚਾਨਣ ਨੂੰ ਅਨ੍ਹੇਰ ਦੇ ਥਾਂ ਰੱਖਦੇ ਹਨ! ਜਿਹੜੇ ਕੌੜੇ ਨੂੰ ਮਿੱਠੇ ਦੇ ਥਾਂ, ਅਤੇ ਮਿੱਠੇ ਨੂੰ ਕੌੜੇ ਦੇ ਥਾਂ ਰੱਖਦੇ ਹਨ!

ਕਿਉਂਕਿ ਪਾਪੀ ਮਨੁੱਖ ਭਲੇ ਅਤੇ ਬੁਰੇ ਵਿੱਚਲੇ ਫ਼ਰਕ ਨੂੰ ਸਮਝ ਨਹੀਂ ਪਾਉਂਦਾ ਇਸ ਲਈ **ਉਹ ਇਸ ਤਰ੍ਹਾਂ ਦੇ ਫੈਸਲੇ ਲੈਂਦਾ ਹੈ ਜੋ ਉਸ ਓੱਤੇ ਦੁੱਖ ਅਤੇ ਕਸ਼ਟ ਲੈ ਕੇ ਆਉਂਦੇ ਹਨ।**

ਗਲਾਤੀਆਂ 6:7-8 ਮਨੁੱਖ ਜੋ ਕੁਝ ਬੀਜਦਾ ਹੈ **ਸੋਈਓ ਵੱਢੇਗਾ ਭੀ**। ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ **ਬਿਨਾਸ ਨੂੰ ਵੱਢੇਗਾ**

ਮਨੁੱਖ ਨੂੰ ਕੇਵਲ ਇੱਕ ਮੁਕਤੀਦਾਤਾ ਦੀ ਹੀ ਲੋੜ ਨਹੀਂ ਹੈ, ਸਗੋਂ ਇੱਕ ਧਰਮੀ ਪਰਮੇਸ਼ੁਰ ਦੀ ਲੋੜ ਵੀ ਹੈ ਜੋ ਉਸ ਦੀ ਫੈਸਲੇ ਲੈਣ ਅਤੇ ਚੋਣ ਕਰਨ ਵਿੱਚ ਅਗਵਾਈ ਕਰ ਸਕੇ।

ਲੂਕਾ 6:46-49 ਤੁਸੀਂ ਮੈਨੂੰ ਪ੍ਰਭੂ, ਪ੍ਰਭੂ ਕਰਕੇ **ਕਿਉਂ** ਪੁਕਾਰਦੇ ਹੋ ਪਰ **ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ**? (47) ਹਰੇਕ ਜੋ ਮੇਰੇ ਕੋਲ **ਆਉਂਦਾ ਹੈ** ਅਤੇ **ਮੇਰੇ ਬਚਨ ਸੁਣ ਕੇ** ਉਨ੍ਹਾਂ ਨੂੰ **ਮੰਨਦਾ ਹੈ** ਮੈਂ ਤੁਹਾਨੂੰ ਦੱਸਦਾ ਹਾਂ ਜੋ ਉਹ ਕਿਸ ਵਰਗਾ ਹੈ। (48) **ਉਹ ਉਸ ਮਨੁੱਖ ਵਰਗਾ ਹੈ** ਜਿਹ ਨੇ ਘਰ ਬਣਾਉਂਦਿਆਂ ਡੂੰਘਾ ਪੁੱਟ ਕੇ **ਪੱਥਰ ਉੱਤੇ ਨੀਉਂ ਧਰੀ** ਅਤੇ ਜਾਂ **ਹੜ੍ਹ ਆਇਆ** ਤਾਂ ਧਾਰ ਨੇ ਉਸ ਘਰ ਉੱਤੇ **ਜ਼ੋਰ ਮਾਰਿਆ** ਪਰ **ਉਹ ਨੂੰ ਹਿਲਾ ਨਾ ਸੱਕੀ** ਇਸ ਲਈ ਜੋ **ਉਹ ਅੱਛੀ ਤਰਾਂ ਬਣਾਇਆ ਹੋਇਆ ਸੀ।** (49) ਪਰ ਜਿਹੜਾ ਸੁਣ ਕੇ ਨਹੀਂ ਮੰਨਦਾ ਉਹ ਉਸ ਮਨੁੱਖ ਵਰਗਾ ਹੈ ਜਿਹ ਨੇ ਨੀਉਂ ਬਿਨਾ ਧਰਤੀ ਉੱਤੇ ਘਰ ਬਣਾਇਆ ਜਿਸ ਉੱਤੇ ਧਾਰ ਨੇ ਜ਼ੋਰ ਮਾਰਿਆ ਅਤੇ ਉਹ ਝੱਟ ਡਿੱਗ ਪਿਆ ਅਰ ਉਸ ਘਰ ਦਾ ਸੱਤਿਆ ਨਾਸ ਹੋ ਗਿਆ।

ਇਹ ਸਾਨੂੰ ਲਗਾਤਾਰ ਪ੍ਰਾਰਥਨਾ ਕਰਨ ਦੀ ਮਹੱਤਤਾ ਤੋਂ ਪ੍ਰਭਾਵਿਤ ਕਰਦਾ ਹੈ, ਤਾਂ ਕਿ ਅਸੀਂ ਸੁਣ ਸਕੀਏ ਅਤੇ ਪਾਲਣਾ ਕਰ ਸਕੀਏ: ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ (ਅਫਸੀਆਂ 6:18)

ਸਲੀਬ ਸਾਡੇ ਪਾਪ ਦੇ ਵੱਡੇ ਅਕਾਰ ਨੂੰ ਵਿਖਾਉਂਦੀ ਹੈ। ਯਿਸੂ ਨੂੰ ਸਾਰੇ ਮਹਾਨ, ਗਿਆਨੀ, ਚੰਗੇ, ਸ਼ੁੱਧ ਅਤੇ ਨਿਰਦੋਸ਼ ਮਨੁੱਖ ਦੇ ਰੂਪ ਵਿੱਚ ਜਾਣਦੇ ਸਨ। ਉਹ ਮਨੁੱਖ ਸੀ ਜੋ ਗੁਲਾਮਾਂ ਨੂੰ ਅਜ਼ਾਦ ਕਰਨ, ਬਿਮਾਰਾਂ ਨੂੰ ਚੰਗਾ ਕਰਨ, ਸੱਚਾਈ ਸਿਖਾਉਣ ਅਤੇ ਸਾਨੂੰ ਰਾਹ ਵਿਖਾਉਣ ਲਈ ਆਇਆ ਸੀ। ਫਿਰ ਵੀ ਲੋਕਾਂ ਨੇ ਉਸ ਨੂੰ ਸਭ ਤੋਂ ਜ਼ਾਲਮ ਢੰਗ ਨਾਲ ਮਾਰ ਦਿੱਤਾ (ਯਸਾਯਾਹ 5:20) ਅਤੇ ਬਰੱਬਾ ਨੂੰ ਅਜ਼ਾਦ ਕਰ ਦਿੱਤਾ। (ਲੂਕਾ 23:18-25)

## 2. ਪਾਪ ਸ਼ਤਾਨ ਦਾ ਰਾਜ ਹੈ, ਉਹ ਦਾਇਰਾ ਹੈ ਜਿਸ ਵਿੱਚ ਉਹ ਰਾਜ ਕਰਦਾ ਹੈ।

ਯਿਸੂ ਤੋਂ ਬਿਨ੍ਹਾਂ ਮਨੁੱਖ ਫਸਿਆ ਹੋਇਆ ਅਤੇ **ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ** ਸ਼ਤਾਨ ਦੀ **ਫਾਹੀ ਵਿੱਚ ਫਸ ਕੇ** ਹੋਸ਼ ਵਿੱਚ ਆਣ ਕੇ ਬਚ ਨਿੱਕਲਣ। 2 ਤਿਮੋਥਿਉਸ 2:26

ਅਫਸੀਆਂ 2:1-10 ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਜਿਵਾਲਿਆ।ਜਿਨ੍ਹਾਂ ਦੇ ਵਿੱਚ ਤੁਸੀਂ ਇਸ ਸੰਸਾਰ ਦੇ ਵਿਹਾਰ ਅਨੁਸਾਰ ਹਵਾਈ ਇਖ਼ਤਿਆਰ ਦੇ ਸਰਦਾਰ ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ **ਚੱਲਦੇ ਸਾਓ** ਜਿਹੜੀ ਹੁਣ **ਅਣਆਗਿਆਕਾਰੀ ਦੇ ਪੁੱਤਰਾਂ** ਵਿੱਚ ਅਸਰ ਕਰਦੀ ਹੈ ਅਤੇ ਉਨ੍ਹਾਂ ਵਿੱਚ ਅਸੀਂ ਵੀ ਸੱਭੇ ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ **ਕਾਮਨਾਂ** ਵਿੱਚ ਅੱਗੇ ਦਿਨ ਕੱਟਦੇ ਸਾਂ ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ **ਗਜ਼ਬ ਦੇ ਪੁੱਤਰ ਸਾਂ।**

- ਬਾਹਰ ਨਿੱਕਲਣ ਦਾ ਰਾਸਤਾ - ਯਿਸੂ ਨੇ ਉਹ ਨੂੰ ਆਖਿਆ, **ਰਾਹ** ਅਤੇ ਸਚਿਆਈ ਅਤੇ ਜੀਉਣ **ਮੈਂ ਹਾਂ**। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ। ਯੂਹੰਨਾ 14:6

ਰਸੂਲਾਂ ਦੇ ਕਰਤੱਬ 4:12 ਅਰ **ਕਿਸੇ ਦੂਏ ਤੋਂ ਮੁਕਤੀ ਨਹੀਂ** ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।

ਰਸੂਲਾਂ ਦੇ ਕਰਤੱਬ 16:30-31 ਅਤੇ ਉਨ੍ਹਾਂ ਨੂੰ ਬਾਹਰ ਲਿਆ ਕੇ ਕਿਹਾ, ਹੇ ਮਹਾ ਪੁਰਖੋ, ਮੈਂ ਕੀ ਕਰਾਂ ਜਿਸ ਤੋਂ ਬਚਾਇਆ ਜਾਵਾਂ? ਉਨ੍ਹਾਂ ਆਖਿਆ, ਪ੍ਰਭੂ ਯਿਸੂ ਉੱਤੇ **ਨਿਹਚਾ ਕਰ** ਤਾਂ ਤੂੰ ਅਤੇ ਤੇਰਾ ਘਰਾਣਾ ਬਚਾਏ ਜਾਓਗੇ।

ਸੱਚਾ **ਵਿਸ਼ਵਾਸ** ਜਿਸ ਦਾ ਨਤੀਜਾ ਯਿਸੂ ਦੇ ਲਈ ਸਮਰਪਣ ਅਤੇ ਉਸ ਦੀ **ਆਗਿਆਕਾਰੀ ਕਰਨਾ** ਹੁੰਦਾ ਹੈ - ਅਤੇ **ਆਗਿਆਕਾਰ** ਬੱਚਿਆਂ ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ ਨਾ ਬਣੋ। (15) ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ **ਆਪ ਭੀ** ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ **ਪਵਿੱਤਰ ਬਣੋ**। (1 ਪਤਰਸ 1:14-16)

3. ਇੱਕ ਵਿਸ਼ਵਾਸੀ ਦੇ ਰੂਪ ਵਿੱਚ ਜਦੋਂ ਮੈਂ ਪਾਪ ਕਰਦਾ ਹਾਂ, ਤਾਂ ਮੈਂ ਸ਼ਤਾਨ ਦੇ ਰਾਜ ਵਿੱਚ ਦਾਖਲ ਹੁੰਦਾ ਹਾਂ ਅਤੇ ਉਸ ਦੇ ਕੋਲ ਮੇਰੇ ਉੱਤੇ ਹਮਲਾ ਕਰਨ ਦਾ ਜਾਇਜ਼ ਅਧਿਕਾਰ ਹੁੰਦਾ ਹੈ।

ਸ਼ਤਾਨ **ਪਾਪ** ਦੁਆਰਾ ਸਾਨੂੰ ਆਪਣੇ ਰਾਜ ਵਿੱਚ ਲਿਆਉਣ ਲਈ ਲਗਾਤਾਰ ਸਾਨੂੰ ਲਾਲਚ ਦਿੰਦਾ ਰਹਿੰਦਾ ਹੈ

2 ਕੁਰਿੰਥੀਆਂ 11:13-15 ਕਿਉਂ ਜੋ ਏਹੋ ਜੇਹੇ ਲੋਕ ਝੂਠੇ ਰਸੂਲ ਅਤੇ ਛਲ ਵਲ ਕਰਨ ਵਾਲੇ ਹਨ ਜੋ ਆਪਣੇ ਰੂਪ ਨੂੰ ਮਸੀਹ ਦੇ ਰਸੂਲਾਂ ਦੇ ਰੂਪ ਵਿੱਚ ਵਟਾਉਂਦੇ ਹਨ। ਅਤੇ ਇਹ ਅਚਰਜ ਦੀ ਗੱਲ ਨਹੀਂ ਕਿਉਂ ਜੋ ਸ਼ਤਾਨ ਵੀ ਆਪਣੇ ਰੂਪ ਨੂੰ ਚਾਨਣ ਦੇ ਦੂਤ ਦੇ ਰੂਪ ਵਿੱਚ ਵਟਾਉਂਦਾ ਹੈ। ਇਸ ਲਈ ਜੋ ਉਹ ਦੇ ਸੇਵਕ ਆਪਣੇ ਰੂਪ ਨੂੰ ਧਰਮ ਦੇ ਸੇਵਕਾਂ ਦੇ ਰੂਪ ਵਿੱਚ ਵਟਾਉਂਦੇ ਹਨ ਤਾਂ ਕੋਈ ਵੱਡੀ ਗੱਲ ਨਹੀਂ ਪਰ ਉਨ੍ਹਾਂ ਦਾ ਅੰਤ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਹੋਵੇਗਾ।

ਯੂਹੰਨਾ 8:44 ਤੁਸੀਂ ਆਪਣੇ ਪਿਉ ਸ਼ਤਾਨ ਤੋਂ ਹੋ ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। ਉਹ ਤਾਂ ਮੁੱਢੋਂ ਮਨੁੱਖ ਘਾਤਕ ਸੀ ਅਤੇ ਸਚਿਆਈ ਉੱਤੇ ਟਿਕਿਆ ਨਾ ਰਿਹਾ ਕਿਉਂਕਿ ਉਸ ਵਿੱਚ ਸਚਿਆਈ ਹੈ ਨਹੀਂ। ਜਦ ਉਹ ਝੂਠ ਬੋਲਦਾ ਹੈ ਤਾਂ ਉਹ ਆਪਣੀਆਂ ਹੀ ਹੱਕਦਾ ਹੈ ਕਿਉਂਕਿ ਉਹ ਝੂਠਾ ਹੈ ਅਤੇ ਝੂਠ ਦਾ ਪਤੰਦਰ ਹੈ।

ਪਰਕਾਸ਼ ਦੀ ਪੋਥੀ 12:9 ਅਤੇ ਉਹ ਵੱਡਾ ਅਜਗਰ ਹੇਠਾਂ ਸੁੱਟਿਆ ਗਿਆ, ਉਹ ਪੁਰਾਣਾ ਸੱਪ ਜਿਹੜਾ ਇਬਲੀਸ ਅਤੇ ਸ਼ਤਾਨ ਕਰਕੇ ਸਦਾਉਂਦਾ ਹੈ ਜੋ ਸਾਰੇ ਜਗਤ ਨੂੰ ਭਰਮਾਉਂਦਾ ਹੈ ਧਰਤੀ ਉੱਤੇ ਸੁੱਟਿਆ ਗਿਆ ਅਤੇ ਉਹ ਦੇ ਦੂਤ ਉਹ ਦੇ ਨਾਲ ਸੁੱਟੇ ਗਏ।

1 ਯੂਹੰਨਾ 5:19 ਸਾਰਾ ਸੰਸਾਰ ਉਸ ਦੁਸ਼ਟ ਦੇ ਵੱਸ ਵਿੱਚ ਪਿਆ ਹੋਇਆ ਹੈ।

ਅਫਸੀਆਂ 4:22-32 ਅਤੇ ਨਾ ਸ਼ਤਾਨ ਨੂੰ ਥਾਂ ਦਿਓ!

2 ਤਿਮੋਥਿਉਸ 2:26 . . . ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਸ਼ਤਾਨ ਦੀ ਫਾਹੀ ਵਿੱਚ ਫਸ ਕੇ ਹੋਸ਼ ਵਿੱਚ ਆਣ ਕੇ ਬਚ ਨਿੱਕਲਣ।

ਉਦਾਹਰਣ: ਚੂਹੇ ਨੂੰ ਫੜਨ ਲਈ ਚੂਹੇਦਾਨੀ ਵਿੱਚ ਕੋਈ ਖਾਣ ਵਾਲੀ ਚੀਜ਼ ਲਾਈ ਜਾਂਦੀ ਹੈ। ਉਹ ਇਸ ਨੂੰ ਖਾਣ ਤੋਂ ਆਪਣੇ ਆਪ ਨੂੰ ਰੋਕ ਨਹੀਂ ਪਾਉਂਦਾ।

**ਗਲਤ ਫੈਸਲੇ** – ਉਸ ਚੀਜ਼ ਦੇ ਮਗਰ ਲੱਗਣਾ, ਉਸ ਚੀਜ਼ ਨੂੰ ਲੈਣਾ ਅਤੇ ਉਸ ਚੀਜ਼ ਨਾਲ ਖੇਡਣਾ ਜਿਸ ਨੂੰ ਅਸੀਂ ਜਾਣਦੇ ਹਾਂ ਕਿ ਉਹ ਗਲਤ ਹੈ ਜਾਂ ਇੱਥੋਂ ਤੱਕ ਕਿ ਜਿਨ੍ਹਾਂ ਚੀਜ਼ਾਂ ਬਾਰੇ ਸਾਨੂੰ ਪਤਾ ਵੀ ਨਹੀਂ ਹੁੰਦਾ ਕਿ ਉਹ ਗਲਤ ਹਨ, ਉਹ ਵੀ ਦੁਸ਼ਮਣ ਦੇ ਹਮਲੇ ਲਈ ਬੂਹਾ ਖੋਲ੍ਹਦੀਆਂ ਹਨ।

ਗਲਾਤੀਆਂ 6:7-8 ਤੁਸੀਂ ਧੋਖਾ ਨਾ ਖਾਓ, ਪਰਮੇਸ਼ਰ ਠੱਠਿਆਂ ਵਿੱਚ ਨਹੀਂ ਉਡਾਈਦਾ ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ। ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ।

ਕਹਾਉਤਾਂ 13:21 **ਬਿਪਤਾ ਪਾਪੀਆਂ ਦੇ ਪਿੱਛੇ ਪੈਂਦੀ ਹੈ**, ਪਰ ਧਰਮੀਆਂ ਨੂੰ ਚੰਗਾ ਫਲ ਮਿਲੇਗਾ।

- ਸ਼ਤਾਨ ਨੇ ਯਿਸੂ ਨੂੰ ਪਰਤਾਉਣ, ਲੁਭਾਉਣ ਅਤੇ ਧੋਖਾ ਦੇਣ ਦੀ ਕੋਸ਼ਿਸ਼ ਕੀਤੀ। ਲੂਕਾ 4:1-13

ਯੂਹੰਨਾ 14:30 ਜਗਤ ਦਾ ਸਰਦਾਰ ਆਉਂਦਾ ਹੈ ਅਤੇ ਮੇਰੇ ਵਿੱਚ ਉਹ ਦਾ **ਕੁਝ ਨਹੀਂ** ਹੈ।
ਇਹ ਹੈ – ਅਜਿਹਾ ਕੁਝ ਨਹੀਂ ਹੈ ਜੋ ਉਸ ਦਾ ਹੈ ਅਤੇ ਉਸ ਨੂੰ ਜਾਇਜ਼ ਅਧਿਕਾਰ ਦਿੰਦਾ ਹੈ।

- ਸ਼ਤਾਨ ਨੇ **ਘਮੰਡ** ਦੇ ਦੁਆਰਾ ਪਤਰਸ ਨੂੰ ਪਰਤਾਇਆ ਅਤੇ ਧੋਖਾ ਦਿੱਤਾ। (ਲੂਕਾ 22:24)

ਲੂਕਾ 22:31 ਹੇ ਸ਼ਮਊਨ, ਸ਼ਮਊਨ! ਵੇਖ, ਸ਼ਤਾਨ ਨੇ ਤੁਹਾਨੂੰ ਮੰਗਿਆ ਹੈ ਭਈ ਕਣਕ ਦੀ ਤਰਾਂ ਤੁਹਾਨੂੰ ਫਟਕੇ।

> ਸ਼ਤਾਨ ਦਾ **ਕੁਝ** ਪਤਰਸ ਦੇ ਵਿੱਚ ਸੀ। ਕੋਈ ਚੀਜ਼ ਸੀ ਜੋ ਉਸ ਨੂੰ **ਜਾਇਜ਼ ਅਧਿਕਾਰ** ਦਿੰਦੀ ਸੀ . . . **ਘਮੰਡ**।

- **ਮਾਫ਼ ਨਾ ਕਰਨਾ** ਸ਼ਤਾਨ ਨੂੰ ਇੱਕ ਮੌਕਾ ਦਿੰਦਾ ਹੈ

2 ਕੁਰਿੰਥੀਆਂ 2:9-11 ਮਾਫ਼ ਕਰਦੇ ਹੋ . . ਭਈ ਸ਼ਤਾਨ ਸਾਡੇ ਨਾਲ ਹੱਥ ਨਾ ਕਰ ਜਾਏ ਕਿਉਂ ਜੋ ਅਸੀਂ ਉਸ ਦਿਆਂ ਚਾਲਿਆਂ ਤੋਂ ਅਣਜਾਣ ਨਹੀਂ।

ਮੱਤੀ 18:21-35 . . . ਉਸ ਨੂੰ ਕੈਦ ਵਿੱਚ ਪਾ ਦਿੱਤਾ . .

- **ਬਿਮਾਰੀ** ਵੱਖ-ਵੱਖ ਕਾਰਨਾਂ ਦੇ ਕਰਕੇ ਹੋ ਸਕਦੀ ਹੈ ਪਰ ਇਸ ਦਾ ਇੱਕ ਕਾਰਨ ਪਾਪ ਹੈ।

ਲੂਕਾ 13:11, 16 ਮਾਂਦਗੀ ਦਾ ਆਤਮਾ ਚਿੰਬੜਿਆ ਹੋਇਆ ਸੀ . . ਜਿਹ ਨੂੰ ਸ਼ਤਾਨ ਨੇ ਵੇਖੋ ਅਠਾਰਾਂ ਵਰਿਹਾਂ ਤੋਂ ਬੰਨ੍ਹ ਰੱਖਿਆ ਹੈ

ਯੂਹੰਨਾ 5:5, 14 ਅਠੱਤੀਆਂ ਵਰਿਹਾਂ ਤੋਂ ਆਪਣੇ ਰੋਗ ਦਾ ਮਾਰਿਆ ਹੋਇਆ ਸੀ . . ਫੇਰ ਪਾਪ ਨਾ ਕਰੀਂ ਕਿਤੇ ਐਉਂ ਨਾ ਹੋਵੇ ਜੋ ਐਸ ਨਾਲੋਂ ਵੀ ਕੋਈ ਬੁਰੀ ਬਿਪਤਾ ਤੇਰੇ ਉੱਤੇ ਆ ਪਵੇ।

ਉਦਾਰਹਣ: ਮੇਰੇ ਪਿਤਾ ਨੇ ਕਿਸੇ ਹੋਰ ਔਰਤ ਦੇ ਲਈ ਮੇਰੀ ਮਾਂ ਨੂੰ ਤਲਾਕ ਦੇ ਦਿੱਤਾ ਸੀ। ਉਸ ਦਾ ਪਾਪ ਵੱਡਾ ਸੀ। ਮੇਰੀ ਮਾਂ ਬਹੁਤ ਗੁੱਸੇ ਵਿੱਚ ਆ ਗਈ ਅਤੇ ਐਥੋਂ ਤੱਕ ਕੁੜਤਣ ਨਾਲ ਭਰ ਗਈ ਸੀ ਕਿ ਉਸ ਨੇ ਕਿਹਾ ਕਿ ਜੇ ਮੇਰੇ ਕੋਲ

ਬੰਦੂਕ ਹੁੰਦੀ ਤਾਂ ਮੈਂ ਉਸ ਨੂੰ ਮਾਰ ਦਿੰਦੀ। ਉਸ ਘਟਨਾ ਤੋਂ ਬਾਅਦ ਜਲਦ ਹੀ ਉਸ ਨੂੰ ਕੈਂਸਰ ਹੋ ਗਿਆ। ਬਾਅਦ ਵਿੱਚ ਉਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਪਰਮੇਸ਼ੁਰ ਦੇ ਹੱਥਾਂ ਵਿੱਚ ਸੌਂਪ ਦਿੱਤਾ ਅਤੇ ਮੇਰੇ ਪਿਤਾ ਅਤੇ ਉਸ ਔਰਤ ਨੂੰ ਮਾਫ਼ ਕਰ ਦਿੱਤਾ। ਉਸ ਤੋਂ ਬਾਅਦ ਜਲਦ ਹੀ ਮੇਰੀ ਮਾਂ ਕੈਂਸਰ ਤੋਂ ਠੀਕ ਹੋ ਗਈ।
ਕਹਾਉਤਾਂ 3:11-12 ਹੇ ਮੇਰੇ ਪੁੱਤਰ, ਤੂੰ ਯਹੋਵਾਹ ਦੀ ਤਾੜ ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ, **ਕਿਉਂ ਜੋ ਯਹੋਵਾਹ ਓਸੇ ਨੂੰ ਤਾੜਦਾ ਹੈ ਜਿਹ ਦੇ ਨਾਲ ਪਿਆਰ ਕਰਦਾ ਹੈ**, ਜਿਵੇਂ ਪਿਉ ਉਸ ਪੁੱਤਰ ਨੂੰ ਜਿਸ ਤੋਂ ਉਹ ਪਰਸੰਨ ਹੈ।

ਪਾਪ ਸ਼ਤਾਨ ਨੂੰ ਜਾਇਜ਼ ਅਧਿਕਾਰ ਦਿੰਦਾ ਹੈ, ਜਿਸ ਦੀ ਪ੍ਰਵਾਨਗੀ ਪਰਮੇਸ਼ੁਰ ਦਿੰਦਾ ਹੈ ਅਤੇ ਇਸ ਨਾਲ ਪਰਮੇਸ਼ੁਰ ਦਾ ਅਨੁਸ਼ਾਸ਼ਨ ਪੂਰਾ ਹੁੰਦਾ ਹੈ।

ਕਹਾਉਤਾਂ 15:5 ਮੂਰਖ ਆਪਣੇ ਪਿਉ ਦੀ ਸਿੱਖਿਆ ਨੂੰ ਤੁੱਛ ਜਾਣਦਾ ਹੈ, ਪਰ ਜਿਹੜਾ ਤਾੜ ਨੂੰ ਮੰਨਦਾ ਹੈ ਉਹ ਸਿਆਣਾ ਹੈ।

ਸ਼ਤਾਨ ਦੇ ਜਾਲ ਵਿੱਚੋਂ **ਬਾਹਰ ਨਿੱਕਲਣ ਦਾ ਰਾਸਤਾ** ਜਾਂ ਉਸ ਦੇ ਜਾਲ ਤੋਂ ਕਿਵੇਂ ਬਚਿਆ ਜਾਵੇ:

ਯਾਕੂਬ 4:7-8 ਉਪਰੰਤ ਤੁਸੀਂ ਪਰਮੇਸ਼ਰ ਦੇ **ਅਧੀਨ ਹੋਵੋ**। ਪਰ ਸ਼ਤਾਨ ਦਾ **ਸਾਹਮਣਾ ਕਰੋ** ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ। ਪਰਮੇਸ਼ਰ ਦੇ **ਨੇੜੇ ਜਾਓ** ਤਾਂ ਉਹ ਤੁਹਾਡੇ ਨੇੜੇ ਆਵੇਗਾ। ਹੇ ਪਾਪੀਓ, ਆਪਣੇ ਹੱਥ **ਸ਼ੁੱਧ ਕਰੋ** ਅਤੇ ਹੇ ਦੁਚਿੱਤਿਓ, ਆਪਣੇ ਦਿਲਾਂ ਨੂੰ **ਪਵਿੱਤਰ ਕਰੋ**।

ਯਿਸੂ ਆਪਣੇ ਸੁਣਨ ਵਾਲਿਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਪਾਪ ਕੀ ਹੈ ਅਤੇ ਪਾਪ ਕਿੰਨਾ ਗੰਭੀਰ ਹੈ। ਜਿੰਨਾ ਚਿਰ ਤੂੰ ਆਪਣੇ ਮੁਦਈ ਨਾਲ ਰਸਤੇ ਵਿੱਚ ਹੈਂ **ਛੇਤੀ ਉਹ ਦੇ ਨਾਲ ਮਿਲਾਪ ਕਰ** ਮਤੇ ਮੁਦਈ ਤੈਨੂੰ ਹਾਕਮ ਦੇ ਹਵਾਲੇ ਕਰੇ ਅਤੇ ਹਾਕਮ ਤੈਨੂੰ ਸਿਪਾਹੀ ਦੇ ਹਵਾਲੇ ਕਰੇ ਅਤੇ ਤੂੰ **ਕੈਦ ਵਿੱਚ ਪੈ ਜਾਵੇਂ**। (26) ਮੈਂ ਤੈਨੂੰ ਸਤ ਆਖਦਾ ਹਾਂ ਭਈ ਜਿੰਨਾ ਚਿਰ **ਤੂੰ** ਕੌਡੀ ਕੌਡੀ ਨਾ **ਭਰ ਦੇਵੇਂ** ਉੱਥੋਂ ਕਿਸੇ ਬਿਧ ਨਾ ਛੁੱਟੇਂਗਾ। (27) ਤੁਸਾਂ ਸੁਣਿਆ ਹੈ ਜੋ ਇਹ ਕਿਹਾ ਗਿਆ ਸੀ ਭਈ ਤੂੰ ਜ਼ਨਾਹ ਨਾ ਕਰ। (28) ਪਰ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੋਈ ਇਸਤਰੀ ਨੂੰ **ਬੁਰੀ ਇੱਛਿਆ** ਕਰਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁੱਕਿਆ। (29) ਅਰ ਜੇ ਤੇਰੀ ਸੱਜੀ **ਅੱਖ ਤੈਨੂੰ ਠੋਕਰ ਖੁਆਵੇ** ਤਾਂ ਉਹ ਨੂੰ ਕੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ **ਨਰਕ** ਵਿੱਚ ਸੁੱਟਿਆ ਨਾ ਜਾਵੇ। (30) ਅਤੇ ਜੇ ਤੇਰਾ ਸੱਜਾ ਹੱਥ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਵੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇੱਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ **ਨਰਕ** ਵਿੱਚ ਨਾ ਜਾਵੇ। ਮੱਤੀ 5:25-30

- ਸ਼ਬਦ "**ਨਰਕ**" ਦਾ ਯੂਨਾਨੀ ਅਨੁਵਾਦ ਗੀਨਾਨ ਹੈ ਜੋ ਯਰੂਸ਼ਲਮ ਦੇ ਦੱਖਣ ਅਤੇ ਪੱਛਮ ਵਿੱਚ ਇੱਕ ਘਾਟੀ ਹੈ ਜਿੱਥੇ ਸ਼ਹਿਰ ਦਾ **ਕੂੜਾ ਅਤੇ ਗੰਦਾ ਪਾਣੀ** ਜਾਂਦਾ ਸੀ। **ਬਾਅਦ ਵਿੱਚ** ਯਹੂਦੀ ਇਸ ਨਾਮ ਦਾ ਇਸਤੇਮਾਲ ਕਸ਼ਟ ਦੇ ਸਥਾਨ ਦੇ ਲਈ ਵੀ ਕਰਨ ਲੱਗੇ।
- **ਸੰਦੇਸ਼ ਇਹ ਹੈ ਕਿ ਹਰ ਹਾਲਤ ਵਿੱਚ ਪਾਪ ਤੋਂ ਬਚੋ ਕਿਉਂਕਿ ਇਹ ਤੁਹਾਨੂੰ ਇਸ ਸੰਸਾਰ ਦੀ ਗੰਦਗੀ ਜਾਂ ਗੰਦੇ ਨਾਲੇ ਵਿੱਚ ਲੈ ਜਾਵੇਗਾ।**

ਮੱਤੀ 26:41 ਜਾਗੋ ਅਤੇ ਪ੍ਰਾਰਥਨਾ ਕਰੋ ਜੋ ਤੁਸੀਂ **ਪਰਤਾਵੇ ਵਿੱਚ ਨਾ ਪਓ**। ਆਤਮਾ ਤਾਂ ਤਿਆਰ ਹੈ ਪਰ ਸਰੀਰ ਕਮਜ਼ੋਰ ਹੈ।

ਲੂਕਾ 11:21-22 ਜਦ ਕੋਈ ਜ਼ੋਰਾਵਰ ਹਥਿਆਰ ਬੰਨ੍ਹੀਂ ਆਪਣੇ ਘਰ ਦੀ ਰਖਵਾਲੀ ਕਰਦਾ ਹੈ ਤਾਂ ਉਹ ਦਾ ਮਾਲ ਬਚ ਰਹਿੰਦਾ ਹੈ। ਪਰ ਜੇ ਕੋਈ ਉਸ ਨਾਲੋਂ ਜ਼ੋਰਾਵਰ ਆਣ ਕੇ ਉਹ ਨੂੰ **ਜਿੱਤ ਲਵੇ** ਤਾਂ ਉਹ ਦੇ ਸਾਰੇ ਹਥਿਆਰ ਜਿਨ੍ਹਾਂ ਉੱਤੇ ਉਹ ਦਾ ਮਾਣ ਸੀ ਖੋਹ ਲੈਂਦਾ ਅਤੇ ਉਹ ਦੀ ਲੁੱਟ ਵੰਡ ਦਿੰਦਾ ਹੈ।

ਸ਼ਤਾਨ ਇਸ ਦੇ ਦੁਆਰਾ ਹਮਲਾ ਕਰਦਾ ਹੈ: ਧੋਖਾ / ਲਾਲਸਾ ਦੇ ਦੁਆਰਾ ਪਰਤਾਉਣ ਅਤੇ ਲੁਭਾਉਣ ਨਾਲ

ਇਬਰਾਨੀਆਂ 12:15 ਵੇਖਣਾ ਭਈ ਕੋਈ ਪਰਮੇਸ਼ਰ ਦੀ ਕਿਰਪਾ ਤੋਂ ਵੰਜਿਆ ਨਾ ਰਹੇ ਅਤੇ ਨਾ ਹੋਵੇ ਭਈ ਕੋਈ **ਕੁੜੱਤਣ** ਦੀ ਜੜ੍ਹ ਫੁੱਟ ਕੇ ਦੁੱਖ ਦੇਵੇ ਅਤੇ ਬਾਹਲੇ ਉਹ ਦੇ ਕਾਰਨ ਭ੍ਰਿਸ਼ਟ ਹੋ ਜਾਣ।

ਮਰਕੁਸ 11:25 ਜਦ ਕਦੇ ਤੁਸੀਂ ਖਲੋ ਕੇ ਪ੍ਰਾਰਥਨਾ ਕਰਦੇ ਹੋ, ਜੇ ਤੁਹਾਡਾ ਕਿਸੇ ਨਾਲ **ਵਿਰੋਧ** ਹੋਵੇ ਤਾਂ ਉਹ ਨੂੰ **ਮਾਫ਼ ਕਰੋ** ਤਾਂ ਜੋ ਤੁਹਾਡਾ ਪਿਤਾ ਵੀ ਜਿਹੜਾ ਸੁਰਗ ਵਿੱਚ ਹੈ ਤੁਹਾਡਿਆਂ ਅਪਰਾਧਾਂ ਨੂੰ ਮਾਫ਼ ਕਰੇ।

ਯਹੋਸ਼ੁਆ 24:15 **ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ** ਭਾਵੇਂ ਓਹ ਦੇਵਤੇ ਜਿਨ੍ਹਾਂ ਦੀ ਤੁਹਾਡੇ ਪਿਉ ਦਾਦੇ ਜਦ ਓਹ ਦਰਿਆ ਪਾਰ ਸਨ ਉਪਾਸਨਾ ਕਰਦੇ ਸਨ, ਭਾਵੇਂ ਅਮੋਰੀਆਂ ਦੇ ਦੇਵਤਿਆਂ ਦੀ ਜਿਨ੍ਹਾਂ ਦੇ ਦੇਸ ਵਿੱਚ ਤੁਸੀਂ ਵੱਸਦੇ ਹੋ ਪਰ **ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ।**

## ੲ. ਪਾਪੀਆਂ ਤੋਂ ਦੁੱਖ ਭੋਗਣਾ - ਇੱਕ ਧਰਮੀ ਜੀਵਨ ਦਾ ਨਤੀਜਾ

### 1. ਜਦੋਂ ਮੈਂ ਆਪਣੇ ਜੀਵਨ ਅਤੇ ਸ਼ਬਦਾਂ ਨਾਲ ਖੁਸ਼ਖਬਰੀ ਦਾ ਪ੍ਰਚਾਰ ਕਰਦਾ ਹਾਂ।

ਮੱਤੀ 5:10-12 **ਧੰਨ** ਓਹ ਜਿਹੜੇ **ਧਰਮ** ਦੇ ਕਾਰਨ **ਸਤਾਏ ਗਏ ਹਨ** . .

ਲੂਕਾ 21:16-19 ਅਤੇ ਮਾਂ ਪਿਉ ਅਰ ਭਾਈ ਅਰ ਸਾਕ ਅਰ ਮਿੱਤਰ ਵੀ ਤੁਹਾਨੂੰ **ਫੜਵਾਉਣਗੇ** ਅਤੇ ਤੁਹਾਡੇ ਵਿੱਚੋਂ ਕਿੰਨਿਆਂ ਨੂੰ **ਮਰਵਾ** ਦੇਣਗੇ। (17) ਅਤੇ **ਮੇਰੇ ਨਾਮ ਕਰਕੇ** ਸਭ ਲੋਕ **ਤੁਹਾਡੇ ਨਾਲ ਵੈਰ ਰੱਖਣਗੇ**। (18) ਪਰ ਤੁਹਾਡੇ ਸਿਰ ਦਾ **ਇੱਕ ਵਾਲ ਵੀ ਵਿੰਗਾ ਨਾ ਹੋਵੇਗਾ**। (19) **ਆਪਣੇ ਧੀਰਜ ਨਾਲ** ਤੁਸੀਂ ਆਪਣੀਆਂ ਜਾਨਾਂ ਨੂੰ ਕਮਾਓਗੇ।

ਯੂਹੰਨਾ 15:20 ਜੇ ਉਨ੍ਹਾਂ ਮੈਨੂੰ ਸਤਾਇਆ ਤਾਂ **ਓਹ ਤੁਹਾਨੂੰ ਵੀ ਸਤਾਉਣਗੇ**।

ਪਹਿਲੇ ਪ੍ਰਚਾਰਕਾਂ ਅਤੇ ਖੁਸ਼ਖਬਰੀ ਦੇ ਸੇਵਕਾਂ ਨੇ ਯਿਸੂ ਦੇ ਵਚਨਾਂ ਦੀ ਸੱਚਾਈ ਦਾ ਅਨੁਭਵ ਕੀਤਾ।

ਪੌਲੁਸ:
2 ਤਿਮੋਥਿਉਸ 3:10-12 **ਸਤਾਏ ਜਾਣ** ਅਤੇ **ਦੁੱਖ ਸਹਿਣ** ਨੂੰ ਚੰਗੀ ਤਰਾਂ ਜਾਣਿਆ, ਅਰਥਾਤ ਜੋ ਕੁਝ ਅੰਤਾਕਿਯਾ ਅਤੇ ਇਕੋਨਿਯੁਮ ਅਤੇ ਲੁਸਤਰਾ ਵਿੱਚ ਮੇਰੇ ਉੱਤੇ ਪਿਆ ਸੀ ਅਤੇ ਮੈਂ ਕਿਸ ਕਿਸ ਤਰਾਂ ਸਤਾਇਆ ਗਿਆ ਅਤੇ ਪ੍ਰਭੂ ਨੇ ਮੈਨੂੰ ਉਨ੍ਹਾਂ ਸਭਨਾਂ ਤੋਂ ਛੁਡਾਇਆ। (12) ਹਾਂ, **ਸੱਭੇ ਜਿੰਨ੍ਹੇ ਮਸੀਹ ਯਿਸੂ ਵਿੱਚ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ।**

ਮਾਨਸਿਕ ਸਤਾਓ - ਮਖੌਲ ਉਡਾਇਆ ਗਿਆ, ਠੱਠਾ ਕੀਤਾ ਗਿਆ ਅਤੇ ਇਨਕਾਰ ਕੀਤਾ ਗਿਆ। ਅਤੇ ਸਰੀਰਕ ਸਤਾਓ - ਕੁੱਟਿਆ ਗਿਆ, ਸਤਾਇਆ ਗਿਆ, ਇੱਥੋਂ ਤੱਕ ਕੇ ਬਹੁਤ ਸਾਰੇ ਭਿਆਨਕ ਢੰਗਾਂ ਨਾਲ ਮੌਤ ਤੱਕ ਸਤਾਇਆ ਗਿਆ।

**ਪ੍ਰਤੀਕਿਰਿਆ ਜੋ ਪਰਮੇਸ਼ੁਰ ਨੂੰ ਚੰਗੀ ਲੱਗਦੀ ਹੈ ਉਹ ਮੂਸਾ ਦੀ ਪ੍ਰਤੀਕਿਰਿਆ ਹੈ:**
ਇਬਰਾਨੀਆਂ 11:25 ਕਿਉਂ ਜੋ ਉਹ ਨੇ ਪਾਪ ਦੇ ਭੋਗ ਬਿਲਾਸ ਨਾਲੋਂ ਜੋ ਥੋੜੇ ਚਿਰ ਲਈ ਹੈ ਪਰਮੇਸ਼ਰ ਦੀ ਪਰਜਾ ਨਾਲ **ਜਬਰੀ ਝੱਲਣ** ਨੂੰ ਬਾਹਲਾ **ਪਸੰਦ ਕੀਤਾ**। **ਅਤੇ ਉਹ ਨੇ ਵਿਚਾਰ ਕੀਤਾ ਭਈ ਮਸੀਹ ਦੇ ਨਮਿੱਤ ਨਿੰਦਿਆ ਜਾਣਾ ਮਿਸਰ ਦੇ ਖ਼ਜ਼ਾਨਿਆਂ ਨਾਲੋਂ ਵੱਡਾ ਧਨ ਹੈ ਕਿਉਂ ਜੋ ਫਲ ਵੱਲ ਉਹ ਦਾ ਧਿਆਨ ਸੀ।**

ਅਤੇ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੀ ਉਦਾਹਰਣ:
ਇਬਰਾਨੀਆਂ 12:1-3 ਉਪਰੰਤ ਜਦੋਂ ਗਵਾਹਾਂ ਦੇ ਐਨੇ ਵੱਡੇ ਬੱਦਲ ਨੇ ਸਾਨੂੰ ਘੇਰਿਆ ਹੋਇਆ ਹੈ ਤਾਂ ਆਓ, ਅਸੀਂ ਵੀ ਹਰੇਕ ਭਾਰ ਅਤੇ ਉਸ ਪਾਪ ਨੂੰ ਜਿਹੜਾ ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ ਪਰੇ ਸੁੱਟ ਕੇ ਉਸ ਦੌੜ ਵਿੱਚ ਜੋ ਸਾਡੇ ਸਾਹਮਣੇ ਪਈ ਹੋਈ ਹੈ ਸਬਰ ਨਾਲ ਦੌੜੀਏ। (2) ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ **ਅਨੰਦ ਨਮਿੱਤ** ਜੋ ਉਹ ਦੇ ਅੱਗੇ ਧਰਿਆ ਹੋਇਆ ਸੀ (ਇਹ ਜਾਣਨ ਦਾ ਅਨੰਦ ਕਿ ਉਹ ਆਪਣੇ ਪਿਤਾ ਨੂੰ ਭਾਉਂਦਾ ਸੀ ਅਤੇ ਉਸ ਦਾ ਆਪਣੇ ਆਪ ਨੂੰ ਛੁਡਾਉਣ ਦਾ ਅਨੰਦ ਤਾਂ ਕਿ ਉਹ ਹਮੇਸ਼ਾ ਦੇ ਲਈ ਉਸ ਦੇ ਨਾਲ ਰਹਿ ਸਕਣ) **ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ** ਅਤੇ ਪਰਮੇਸ਼ਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। (3) ਤੁਸੀਂ **ਉਹ ਨੂੰ ਸੋਚੋ** ਜਿਹ ਨੇ **ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ ਸਹਿ ਲਈ** ਭਈ ਨਾ ਹੋਵੇ ਜੋ ਤੁਸੀਂ ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ।

ਫਿਲਿੱਪੀਆਂ 1:29 ਕਿਉਂ ਜੋ ਮਸੀਹ ਦੇ ਲਈ **ਤੁਹਾਡੇ ਉੱਤੇ ਇਹ ਕਿਰਪਾ ਹੋਈ** ਭਈ ਤੁਸੀਂ **ਨਾ ਕੇਵਲ ਉਸ ਉੱਤੇ ਨਿਹਚਾ ਹੀ ਕਰੋ** ਸਗੋਂ **ਉਹ ਦੇ** ਲਈ **ਦੁੱਖ ਵੀ ਝੱਲੋ**

ਰਸੂਲਾਂ ਦੇ ਕਰਤੱਬ 8:1-4 ਕਲੀਸਿਯਾ ਉੱਤੇ **ਵੱਡਾ ਕਸ਼ਟ** ਹੋਣ ਲੱਗਾ ਕਿਉਂਕਿ ਉਨ੍ਹਾਂ ਨੇ ਯਿਸੂ ਦਾ ਪ੍ਰਚਾਰ ਕੀਤਾ। ਅੱਜ ਸੰਸਾਰ ਵਿੱਚ ਵੀ ਇਸੇ ਤਰ੍ਹਾਂ ਹੀ ਹੈ।

- ਰਸੂਲਾਂ ਦੇ ਕਰਤੱਬ 5:41 ਉਸ ਦੇ ਨਾਮ ਲਈ ਦੁੱਖ ਉਠਾਉਣ ਦੇ ਕਾਰਨ ਅਨੰਦ ਹੋਏ
- ਰਸੂਲਾਂ ਦੇ ਕਰਤੱਬ 7:58 ਇਸਤੀਫ਼ਾਨ ਨੂੰ ਪੱਥਰ ਮਾਰੇ - ਜੋ ਕਿ ਪਹਿਲਾ ਮਸੀਹੀ ਸ਼ਹੀਦ ਸੀ।
- ਰਸੂਲਾਂ ਦੇ ਕਰਤੱਬ 9:16 ਕਿਉਂਕਿ ਮੈਂ ਉਸ ਨੂੰ ਵਿਖਾਵਾਂਗਾ ਜੋ ਮੇਰੇ ਨਾਮ ਦੇ ਬਦਲੇ ਉਸ ਨੂੰ ਕੀ ਕੁਝ ਝੱਲਣਾ ਪਵੇਗਾ।
- 2 ਕੁਰਿੰਥੀਆਂ 11:23-33 ਪੌਲੁਸ ਦਾ ਦੁੱਖ ਭੋਗਣਾ
- ਇਬਰਾਨੀਆਂ 11:33-39 ਸੰਸਾਰ ਉਨ੍ਹਾਂ ਦੇ ਯੋਗ ਨਹੀਂ ਸੀ।

**ਯਿਸੂ ਦੇ ਚੇਲੇ ਮੌਤ ਤੱਕ** ਉਸ ਦੀ ਪੈੜ ਉੱਤੇ ਚੱਲਣ, ਉਸ ਦੇ ਮਕਸਦ ਨੂੰ ਪੂਰਾ ਕਰਨ ਅਤੇ ਉਸ ਦੀ ਬੁਲਾਹਟ ਨੂੰ ਪੂਰਾ ਕਰਨ ਲਈ **ਵਫ਼ਾਦਾਰ** ਸਨ। ਉਨ੍ਹਾਂ ਨੇ ਕਿਵੇਂ ਦੁੱਖ ਭੋਗਿਆ ਅਤੇ ਉਹ ਕਿਵੇਂ ਮਰੇ, ਇਸ ਬਾਰੇ ਜਾਣਨ ਲਈ ਇਨ੍ਹਾਂ ਨੋਟਸਾਂ ਦਾ 24 ਨੰਬਰ ਸਫ਼ਾ ਵੇਖੋ।

ਰੋਮੀ ਸਾਮਰਾਜ ਦੇ ਸਮੇਂ ਲੱਗਭਗ ਸਾਰੇ ਵਿਸ਼ਵਾਸੀਆਂ ਲਈ ਸਤਾਓ ਬਹੁਤ ਜ਼ਿਆਦਾ ਵਧ ਗਿਆ ਸੀ ਅਤੇ ਫੈਲ ਗਿਆ ਸੀ। ਬਹੁਤ ਸਾਰੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ **ਸ਼ੇਰਾਂ ਦੇ ਅੱਗੇ** ਨਫ਼ਰਤ ਦੇ ਕਾਰਨ ਜਾਂ ਮਨੋਰੰਜਨ ਲਈ **ਸੁੱਟ ਦਿੱਤਾ ਗਿਆ**।

ਜਿੰਨੇ ਮਸੀਹਅਤ ਦੇ ਇਤਿਹਾਸ ਵਿੱਚ ਕੁੱਲ ਸ਼ਹੀਦ ਹਨ ਉਸ ਨਾਲੋਂ ਕਿਤੇ ਜ਼ਿਆਦਾ ਮਸੀਹੀ ਉਨ੍ਹਾਂ ਦੇ ਵਿਸ਼ਵਾਸ ਦੇ ਕਾਰਨ 20ਵੀਂ (1900–1999) ਸਦੀ ਦੇ ਵਿੱਚ ਮਾਰੇ ਗਏ।

ਜਦੋਂ ਅਸੀਂ ਭਾਰਤ ਵਿੱਚ ਸੀ, ਓਦੋਂ ਆਸਟਰੇਲੀਆ ਦੇ ਇੱਕ ਮਿਸ਼ਨਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਪਰਿਵਾਰ ਨੂੰ ਬੁਰੀ ਤਰ੍ਹਾਂ ਦੇ ਨਾਲ ਮਾਰ ਦਿੱਤਾ ਗਿਆ, ਉਹ ਬਹੁਤ ਸਾਰੇ ਸਾਲਾਂ ਤੋਂ ਭਾਰਤ ਵਿੱਚ ਕੋੜੀਆਂ ਦੀ ਸੇਵਾ ਕਰ ਰਿਹਾ ਸੀ ਅਤੇ ਉਨ੍ਹਾਂ ਦੀ ਸਹਾਇਤਾ ਕਰ ਰਿਹਾ ਸੀ। ਗ੍ਰਾਹਮ ਅਤੇ ਉਸ ਦੇ ਦੋ ਪੁੱਤਰ ਫਿਲਿੱਪ ਅਤੇ ਤਿਮੋਥੀ ਇੱਕ ਪਿੰਡ ਵਿੱਚ ਕੋੜੀਆਂ ਦੀ ਸਹਾਇਤਾ ਕਰਨ ਲਈ ਕਾਰ ਦੁਆਰਾ ਗਏ, ਜਦੋਂ ਉਹ ਕਾਰ ਵਿੱਚ ਸੌਂ ਰਹੇ ਸਨ, ਓਦੋਂ ਭੜਕੇ ਹੋਏ ਹਿੰਦੂਆਂ ਦੇ ਇੱਕ ਸਮੂਹ ਨੇ ਕਾਰ ਨੂੰ ਅੱਗ ਲਾ ਦਿੱਤੀ ਅਤੇ ਉਨ੍ਹਾਂ ਨੂੰ **ਜ਼ਿੰਦਾ ਜਲਾ ਦਿੱਤਾ ਗਿਆ**।

ਕੱਟੜਪੰਥੀ ਭੜਕੇ ਹੋਏ ਹਿੰਦੂ **ਭਾਰਤ** ਵਿੱਚ ਮਸੀਹੀ ਵਿਸ਼ਵਾਸੀਆਂ ਨੂੰ ਧਮਕੀਆਂ ਦੇ ਰਹੇ ਹਨ, ਕੁੱਟ ਰਹੇ ਹਨ ਅਤੇ ਇੱਥੋਂ ਤੱਕ ਕਿ ਮਾਰ ਵੀ ਰਹੇ ਹਨ। ਕਈ ਵਾਰ ਉਨ੍ਹਾਂ ਨੂੰ ਉਨ੍ਹਾਂ ਦੇ ਗਿਰਜਾ ਘਰਾਂ ਵਿੱਚ ਬੰਦ ਕਰਕੇ ਗਿਰਜਾ ਘਰਾਂ ਨੂੰ ਅੱਗ ਲਾ ਦਿੰਦੇ ਹਨ।

ਸਥਾਨਿਕ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਏਜੰਸੀਆਂ ਵੱਲੋਂ ਅਤੇ ਪੀੜਤਾਂ ਵੱਲੋਂ ਖੁਦ ਬੇਨਤੀਆਂ ਕਰਨ ਦੇ ਬਾਵਜੂਦ ਵੀ ਭਾਰਤੀ ਪੁਲਿਸ ਇੱਕ ਵੀ ਵਿਅਕਤੀ ਨੂੰ ਗ੍ਰਿਫਤਾਰ ਨਹੀਂ ਕਰ ਸਕੀ, ਜੋ ਸਤਾਓ ਨਾਲ ਜੁੜਿਆ ਹੋਵੇ।

ਹਿੰਦੂ ਕੱਟੜਪੰਥੀਆਂ ਵੱਲੋਂ ਕਨੂੰਨ ਦੇ ਲਈ ਬੇਬੁਨਿਆਦ ਨਿਰਾਦਰ ਅਤੇ ਪੁਲਿਸ ਵੱਲੋਂ ਹਮਲਾਵਰਾਂ ਨਾਲ ਪੱਖਪਾਤ ਕਰਨ ਦੇ ਕਾਰਨ, ਮਸੀਹਅਤ ਨੂੰ ਹਿੰਸਾ ਦੇ ਵਿੱਚ ਬੇਬੱਸ ਅਤੇ ਕਮਜ਼ੋਰ ਛੱਡ ਦਿੱਤਾ ਗਿਆ ਹੈ।

ਮਿਸ਼ਨਰੀ ਖੋਜ਼ ਸੰਸਥਾਵਾਂ ਅੰਦਾਜ਼ਾ ਲਾਉਂਦੀਆਂ ਹਨ ਕਿ ਹਰ ਸਾਲ 130,000 ਤੋਂ 160,000 ਤੱਕ **ਮਸੀਹੀ ਸ਼ਹੀਦ** ਹੁੰਦੇ ਹਨ। ਮਤਲਬ ਲੱਗਭਗ 300 ਮਸੀਹੀ ਹਰ ਰੋਜ਼ ਸ਼ਹੀਦ ਹੁੰਦੇ ਹਨ: 12 ਹਰ ਘੰਟੇ ਜਾਂ ਹਰ ਪੰਜ ਮਿੰਟ ਵਿੱਚ ਇੱਕ।

ਸੀਰੀਆ ਦੇ ਵਿੱਚ ਅੱਜ, ਜੂਨ 2012 ਨੂੰ ਵਿਦਰੋਹੀ ਮਸੀਹੀਆਂ ਨੂੰ ਮਾਰ ਰਹੇ ਹਨ। ਉਹ ਗਿਰਜਾ ਘਰਾਂ ਨੂੰ ਤਬਾਹ ਕਰ ਰਹੇ ਹਨ ਅਤੇ ਧਮਕੀਆਂ ਦੇ ਰਹੇ ਹਨ ਕਿ **ਵਿਦਰੋਹ ਦੇ ਖੇਤਰ ਵਿੱਚੋਂ ਸਾਰੇ ਮਸੀਹੀਆਂ ਦਾ ਸਫ਼ਾਇਆ ਕਰ ਦਿੱਤਾ ਜਾਵੇਗਾ**। ਹਜ਼ਾਰਾਂ ਮਸੀਹੀਆਂ ਦੀ ਭੀੜ ਉਸ ਸਥਾਨ ਨੂੰ ਛੱਡ ਕੇ ਜਾ ਰਹੀ ਹੈ। 2012 ਵਿੱਚ ਮਿਸਰ ਦੇ ਰਾਸ਼ਟਰਪਤੀ ਦੀ ਚੋਣ ਦੌਰਾਨ, ਅਲ ਅਹਰਾਮ ਨੇ ਰਿਪੋਟ ਦਿੱਤੀ ਕਿ "ਮੁਸਲਿਮ ਭਰਾਵਾਂ ਨੇ ਸਾਰੀਆਂ ਗਲੀਆਂ ਨੂੰ ਬੰਦ ਕਰ ਦਿੱਤਾ ਹੈ; ਮੱਤਦਾਤਾਵਾਂ ਨੂੰ ਵੋਟ ਪਾਉਣ ਤੋਂ ਬੰਦੂਕ ਦੀ ਨੋਕ 'ਤੇ ਰੋਕ ਰੱਖਿਆ ਹੈ ਅਤੇ **ਮਸੀਹੀ ਪਰਿਵਾਰਾਂ ਨੂੰ ਧਮਕੀ ਦਿੱਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਧਰਮ ਨਿਰਪੱਖ ਉਮੀਦਵਾਰ ਨੂੰ ਵੋਟ ਪਾਉਣ ਲਈ ਬਾਹਰ ਨਾ ਜਾਣ ਦੇਣ**।

ਇਹੋ ਕੁਝ **ਅਫ਼ਰੀਕਾ** ਵਿੱਚ ਹੋ ਰਿਹਾ ਹੈ। ਪਿੰਡਾ ਦੇ ਲੋਕਾਂ ਉੱਤੇ ਇਸਲਾਮੀ ਸਿਪਾਹੀਆਂ ਦੁਆਰਾ ਹਮਲੇ ਕੀਤੇ ਜਾ ਰਹੇ ਹਨ। ਬਜ਼ੁਰਗਾਂ ਅਤੇ ਬਹੁਤ ਛੋਟੇ ਬੱਚਿਆਂ ਨੂੰ ਅਕਸਰ ਉਸੇ ਵੇਲੇ ਹੀ ਮਾਰ ਦਿੱਤਾ ਜਾਂਦਾ ਹੈ। ਬੱਚਿਆਂ, ਲੜਕਿਆਂ ਅਤੇ

ਲੜਕੀਆਂ ਨੂੰ ਫੌਜੀ ਕੈਂਪਾਂ ਵਿੱਚ ਲਿਜਾਇਆ ਜਾਂਦਾ ਹੈ ਅਤੇ ਉੱਥੇ ਉਨ੍ਹਾਂ ਨੂੰ ਓਦੋਂ ਤੱਕ ਸਤਾਇਆ ਜਾਂਦਾ ਹੈ ਜਦੋਂ ਤੱਕ ਉਹ ਮਸੀਹ ਦਾ ਇਨਕਾਰ ਨਹੀਂ ਕਰਦੇ। ਇੱਕ ਖ਼ਬਰ ਹੈ ਕਿ 13 ਲੜਕਿਆਂ ਦੇ ਇੱਕ ਸਮੂਹ ਦੇ ਹੱਥ ਪੈਰ ਉਨ੍ਹਾਂ ਦੇ ਪਿੱਛੇ ਬੰਨ੍ਹ ਦਿੱਤੇ ਗਏ ਅਤੇ ਉਨ੍ਹਾਂ ਨੂੰ ਮਸੀਹ ਦਾ ਇਨਕਾਰ ਕਰਨ ਦਾ ਹੁਕਮ ਦਿੱਤਾ ਗਿਆ। ਹਰੇਕ ਨੇ ਹੁਕਮ ਮੰਨਣ ਤੋਂ ਇਨਕਾਰ ਕੀਤਾ। ਜਲਦੇ ਹੋਏ ਕੋਲਿਆਂ ਨੂੰ ਜ਼ਮੀਨ ਉੱਤੇ ਸੁੱਟਿਆ ਗਿਆ। ਜਦੋਂ ਉਨ੍ਹਾਂ ਨੂੰ ਜਲਦੇ ਹੋਏ ਅੰਗਾਰਿਆਂ ਉੱਤੇ ਰੱਖਿਆ ਗਿਆ, ਫਿਰ ਵੀ ਉਨ੍ਹਾਂ ਨੇ ਵਿਸ਼ਵਾਸ ਤੋਂ ਇਨਕਾਰ ਕਰਨ ਦੇ ਲਈ ਇਨਕਾਰ ਕਰ ਦਿੱਤਾ।

ਇਸਲਾਮ ਦੇ ਭੜਕੇ ਹੋਏ ਮੁਸਲਿਮ ਕੱਟੜਪੰਥੀ ਵੀ ਵੱਡੀ ਗਿਣਤੀ ਵਿੱਚ ਮਸੀਹੀਆਂ ਅਤੇ ਯਹੂਦੀਆਂ ਨਾਲ ਇਹੋ ਕਰ ਰਹੇ ਹਨ।

ਰਸੂਲ ਪਤਰਸ ਪ੍ਰਭੂ ਯਿਸੂ ਮਸੀਹ ਦੇ ਚੰਗੇ ਗਵਾਹ ਬਣਨ ਲਈ ਦੁੱਖ ਭੋਗਣ ਬਾਰੇ ਗੱਲ ਕਰਦਾ ਹੈ।

1 ਪਤਰਸ 2:19-20 ਕਿਉਂਕਿ ਜੇ ਕੋਈ ਪਰਮੇਸ਼ਰ ਦੇ ਖ਼ਿਆਲ ਨਾਲ **ਬੇਇਨਸਾਫ਼ੀ ਝੱਲ ਕੇ ਦੁੱਖ ਸਹਿ ਲਵੇ** ਤਾਂ ਇਹ **ਪਰਵਾਨ ਹੈ**। (20) ਜੇ ਤੁਸੀਂ ਪਾਪ ਦੇ ਕਾਰਨ ਮੁੱਕੇ ਖਾ ਕੇ ਧੀਰਜ ਕਰੋ ਤਾਂ ਕੀ ਵਡਿਆਈ ਹੈ? ਪਰ **ਜੇ ਤੁਸੀਂ ਸ਼ੁਭ ਕਰਮਾਂ ਦੇ ਕਾਰਨ ਦੁੱਖ ਝੱਲ ਕੇ ਧੀਰਜ ਕਰੋ** ਤਾਂ ਇਹ **ਪਰਮੇਸ਼ਰ ਨੂੰ ਪਰਵਾਨ ਹੈ**।(21) ਕਿਉਂ ਜੋ **ਤੁਸੀਂ ਇਸੇ ਕਾਰਨ ਸੱਦੇ ਗਏ** ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ **ਦੁੱਖ ਝੱਲ ਕੇ** ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ **ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ**।ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ **ਦੁੱਖ ਪਾ ਕੇ** ਦਬਕਾ ਨਾ ਦਿੰਦਾ ਸੀ ਸਗੋਂ **ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ** ਜਿਹੜਾ ਜਥਾਰਥ ਨਿਆਉਂ ਕਰਦਾ ਹੈ।

- ਯਿਸੂ ਨੇ ਤੁਹਾਨੂੰ ਬੁਲਾਇਆ ਹੈ ਕਿ ਤੁਸੀਂ "ਉਸ ਦੇ ਕਦਮਾਂ ਉੱਤੇ ਚੱਲੋ," ਕੋਈ ਪਾਪ ਨਹੀਂ, ਕੋਈ ਛਲ ਨਹੀਂ, ਕੇਵਲ ਉਨ੍ਹਾਂ ਦੇ ਲਈ ਪਿਆਰ ਜਿਨ੍ਹਾਂ ਨੇ ਤੁਹਾਨੂੰ ਸਲੀਬ ਉੱਤੇ ਚੜ੍ਹਾਇਆ। ਧਰਤੀ ਦੇ ਉੱਤੇ ਇਹੋ ਤੁਹਾਡਾ ਮਕਸਦ ਹੈ। ਇੱਕ ਚੰਗਾ ਗਵਾਹ ਬਣਨ ਦੇ ਲਈ ਇਹ ਮੁੱਖ ਹੈ।

- "ਉਹ ਦੀ ਪੈੜ ਉੱਤੇ ਤੁਰੋ"- ਧਰਮੀ ਜੀਵਨ ਜੀਉਣਾ ਜੋ ਕਿ ਮਸੀਹ ਦਾ ਜੀਵਨ ਹੈ, ਦੂਸਰਿਆਂ ਉੱਤੇ ਸਜ਼ਾ ਲਿਆਵੇਗਾ। ਇਹ ਸਜ਼ਾ ਬਹੁਤਿਆਂ ਨੂੰ ਯਿਸੂ ਕੋਲ ਲੈ ਆਵੇਗੀ ਪਰ ਇਹ ਦੂਸਰਿਆਂ ਦੇ ਵਿਰੋਧ ਅਤੇ ਨਫ਼ਰਤ ਨੂੰ ਲਿਆਵੇਗੀ ਜੋ ਤੁਹਾਨੂੰ ਸਤਾਉਣਗੇ।

- ਇਹ ਇਸ ਧਰਤੀ ਉੱਤੇ ਯਿਸੂ ਮਸੀਹ ਦਾ ਮਕਸਦ ਸੀ ਅਤੇ **ਇਹੋ** ਧਰਤੀ ਉੱਤੇ **ਤੁਹਾਡਾ ਮਕਸਦ** ਹੈ।

1 ਪਤਰਸ 3:10-17 ਪਰ ਜੇ ਤੁਹਾਨੂੰ **ਧਰਮ ਦੇ ਕਾਰਨ ਦੁੱਖ ਮਿਲੇ ਵੀ** ਤਾਂ ਧੰਨ ਹੋ . . . ਕਿਉਂਕਿ ਜੇ ਪਰਮੇਸ਼ਰ ਦੀ ਇੱਛਿਆ ਇਉਂ ਹੋਵੇ ਤਾਂ **ਸ਼ੁਭ ਕਰਮ ਕਰਕੇ ਦੁੱਖ ਝੱਲਣਾ** ਇਸ ਨਾਲੋਂ **ਚੰਗਾ ਹੈ** ਜੋ ਤੁਸੀਂ ਖੋਟੇ ਕਰਮ ਕਰਕੇ ਦੁੱਖ ਝੱਲੋ। (4:1) ਸੋ **ਜਦੋਂ ਮਸੀਹ ਨੇ ਸਰੀਰ ਵਿੱਚ ਦੁੱਖ ਝੱਲਿਆ** ਤਾਂ ਤੁਸੀਂ ਵੀ **ਓਸੇ ਮਨਸ਼ਾ** ਦੇ ਹਥਿਆਰ ਬੰਨ੍ਹੋਂ ਕਿਉਂਕਿ ਜਿਹ ਨੇ ਸਰੀਰ ਵਿੱਚ ਦੁੱਖ ਝੱਲਿਆ ਉਹ ਪਾਪ ਤੋਂ ਰਹਿਤ ਹੋਇਆ। (2) ਭਈ ਤੁਸੀਂ ਅਗਾਹਾਂ ਨੂੰ ਮਨੁੱਖਾਂ ਦੀਆਂ ਕਾਮਨਾਂ ਦੇ ਅਨੁਸਾਰ ਨਹੀਂ ਸਗੋਂ **ਪਰਮੇਸ਼ਰ ਦੀ ਇੱਛਿਆ** ਦੇ ਅਨੁਸਾਰ ਸਰੀਰ ਵਿੱਚ ਆਪਣੀ ਬਾਕੀ ਦੀ ਉਮਰ ਕੱਟੋ।

- ਜੋ ਸਹੀ ਹੈ ਉਹ ਕਰੋ, "**ਉਸ ਦੇ ਕਦਮਾਂ ਉੱਤੇ ਚੱਲੋ**" ਅਤੇ ਤੁਸੀਂ ਸਤਾਓ ਅਤੇ ਵਿਰੋਧ ਦਾ ਸਾਹਮਣਾ ਕਰੋਗੇ। ਪਰ ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਅੱਗੇ **ਤੁਹਾਨੂੰ ਇਨਾਮ ਦਿੱਤਾ ਜਾਵੇਗਾ** ਅਤੇ ਤੁਸੀਂ "**ਧੰਨ**" ਹੋਵੋਗੇ।

- **ਸੰਸਾਰ ਦੇ ਰਾਹ ਦੇ ਅਨੁਸਾਰ ਚੱਲੋ** ਅਤੇ ਉਨ੍ਹਾਂ ਦੇ ਵਰਗੇ ਇੱਕ ਹੋਵੋ, ਪਰ ਤੁਹਾਡੇ ਜੀਵਨ ਵਿੱਚ ਮੁਸ਼ਕਿਲਾਂ, ਸਮੱਸਿਆਵਾਂ ਅਤੇ ਤਕਲੀਫ਼ਾਂ ਹੋਣਗੀਆਂ ਅਤੇ ਸਵਰਗ ਵਿੱਚ ਤੁਹਾਨੂੰ ਕੋਈ ਵੀ ਇਨਾਮ ਨਹੀਂ ਮਿਲੇਗਾ ਕਿਉਂਕਿ ਤੁਸੀਂ ਇਸ ਧਰਤੀ ਉੱਤੇ ਆਪਣੇ ਮਕਸਦ ਨੂੰ ਪੂਰਾ **ਨਹੀਂ ਕੀਤਾ**।

ਰੋਮੀਆਂ 12:12-15 . . . ਆਸਾ ਵਿੱਚ **ਅਨੰਦ** ਅਤੇ **ਬਿਪਤਾ ਵਿੱਚ ਧੀਰਜ ਕਰੋ** . . .

(14) **ਆਪਣੇ ਦੁਖਦਾਈਆਂ ਨੂੰ ਅਸੀਸ ਦਿਓ, ਅਸੀਸ ਦਿਓ, ਫਿਟਕਾਰੋ ਨਾ** . . . (17) ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ **ਨਾ ਕਰੋ**। ਜਿਹੜੀਆਂ ਗੱਲਾਂ ਸਾਰੇ ਮਨੁੱਖਾਂ ਦੇ ਭਾਣੇ ਚੰਗੀਆਂ ਹਨ ਓਹਨਾਂ ਦਾ ਧਿਆਨ ਰੱਖੋ। (18) ਜੇ ਹੋ ਸੱਕੇ ਤਾਂ ਆਪਣੀ ਵਾਹ ਲੱਗਦਿਆਂ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ। (19) ਹੇ ਪਿਆਰਿਓ, **ਆਪਣਾ ਬਦਲਾ ਨਾ ਲਓ** ਪਰ ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੁ ਆਖਦਾ ਹੈ ਭਈ *ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ।* (20) ਪਰ ਜੇ **ਤੇਰਾ ਵੈਰੀ** ਭੁੱਖਾ ਹੋਵੇ ਤਾਂ **ਉਹ ਨੂੰ ਖੁਆ**, ਜੇ ਤਿਹਾਇਆ ਹੋਵੇ ਤਾਂ **ਉਹ ਨੂੰ ਪਿਆ** ਕਿਉਂ ਜੋ ਇਹ ਕਰ ਕੇ ਤੂੰ ਉਹ ਦੇ ਸਿਰ ਉੱਤੇ ਅੱਗ ਦੇ ਅੰਗਿਆਰਾਂ ਦਾ ਢੇਰ ਲਾਵੇਂਗਾ (ਦੋਸ਼)। (21) **ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ।**

ਬਾਰਨਸ ਰੋਮੀਆਂ 12:14 ਬਾਰੇ ਆਪਣੀ ਕਮੈਂਟਰੀ ਵਿੱਚ ਆਖਦਾ ਹੈ:
*"**ਇੱਕ ਮਸੀਹੀ ਲਈ ਇਹ ਸਭ ਤੋਂ ਗੰਭੀਰ ਅਤੇ ਮੁਸ਼ਕਿਲ ਕੰਮ ਹੈ।** ਸਰਾਪ ਦੇਣਾ ਕਿਸੇ ਨੂੰ ਪੂਰੀ ਤਰ੍ਹਾਂ ਨਾਲ ਵਿਨਾਸ ਲਈ ਸਮਰਪਿਤ ਕਰ ਦੇਣਾ ਹੈ। ਜਿੱਥੇ ਇਸ ਨੂੰ ਕਰਨ ਦੀ ਸਮਰੱਥਾ ਹੈ, ਇਸ ਦਾ ਅਰਥ ਉਸ ਦਾ ਵਿਨਾਸ ਹੁੰਦਾ ਹੈ ਜਿਸ ਨੂੰ ਸਰਾਪ ਦਿੱਤਾ ਗਿਆ ਹੈ। ਜਿਵੇਂ ਕਿ ਉਹ ਅੰਜੀਰ ਦਾ ਰੁੱਖ ਜਿਸ ਨੂੰ ਸਾਡੇ ਮੁਕਤੀਦਾਤਾ ਨੇ ਸਰਾਪ ਦਿੱਤਾ ਸੀ, ਉਹ ਜਲਦ ਹੀ ਸੁੱਕ ਗਿਆ (ਮਰਕੁਸ 11:21)। ਜਿਵੇਂ ਕਿ ਪਰਮੇਸ਼ੁਰ ਜਿਨ੍ਹਾਂ ਨੂੰ ਸਰਾਪ ਦਿੰਦਾ ਹੈ ਉਨ੍ਹਾਂ ਦਾ ਵਿਨਾਸ ਨਿਸ਼ਚਿਤ ਹੈ (ਮੱਤੀ 25:41)। ਜਿੱਥੇ ਇਸ ਨੂੰ ਕਰਨ ਦੀ ਸਮਰੱਥਾ ਨਹੀਂ ਹੈ, ਉੱਥੇ ਸਰਾਪ ਦੇਣ ਦਾ ਅਰਥ ਪ੍ਰਾਰਥਨਾ ਕਰਨਾ ਹੈ ਕਿ ਪਰਮੇਸ਼ੁਰ ਉਨ੍ਹਾਂ ਨੂੰ ਨਾਸ ਕਰੇ। ਫਿਰ ਵੀ ਵਿਸ਼ਾਲ ਸਮਝ ਦੇ ਵਿੱਚ ਇਸ ਦਾ ਅਰਥ ਇਹ ਹੈ, ਬੁਰੇ ਸ਼ਬਦਾਂ ਨਾਲ ਸ਼ੋਸ਼ਣ ਕਰਨਾ; ਕਿਸੇ ਨੂੰ ਹਿੰਸਕ, ਅਪਵਿੱਤਰ ਅਤੇ ਅਪਮਾਨਜਨਕ ਢੰਗ ਨਾਲ ਪਰਗਟ ਕਰਨਾ"।*

**ਯਿਸੂ ਆਪ ਵੀ ਇਸੇ ਤਰ੍ਹਾਂ ਹੀ ਰਿਹਾ ਅਤੇ ਸਾਨੂੰ ਵੀ ਇਸੇ ਤਰ੍ਹਾਂ ਹੀ ਰਹਿਣ ਲਈ ਬੁਲਾਉਂਦਾ ਹੈ:**

ਮੱਤੀ 5:43-46 ਪਰ ਮੈਂ ਤੁਹਾਨੂੰ ਆਖਦਾ ਹਾਂ ਭਈ **ਆਪਣੇ ਵੈਰੀਆਂ ਨਾਲ ਪਿਆਰ ਕਰੋ** ਅਤੇ ਜੋ ਤੁਹਾਨੂੰ **ਸਤਾਉਣ** ਉਨ੍ਹਾਂ ਲਈ **ਪ੍ਰਾਰਥਨਾ ਕਰੋ**। (45) **ਤਾਂ ਜੋ ਤੁਸੀਂ** ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ **ਪੁੱਤਰ** (ਸਿਆਣੇ) **ਹੋਵੋ** ਕਿਉਂ ਜੋ ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ। (46) ਜੇ ਤੁਸੀਂ ਉਨ੍ਹਾਂ ਨਾਲ ਹੀ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ ਤਾਂ ਤੁਹਾਡਾ ਕੀ ਫਲ ਹੈ? ਭਲਾ, ਮਸੂਲੀਏ ਭੀ ਇਹੋ ਨਹੀਂ ਕਰਦੇ?

ਲੂਕਾ 6:27-31 ਪਰ ਮੈਂ ਤੁਹਾਨੂੰ ਜੋ ਸੁਣਦੇ ਹੋ ਆਖਦਾ ਹਾਂ ਭਈ **ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ**। ਜੋ ਤੁਹਾਡੇ ਨਾਲ ਵੈਰ ਰੱਖਣ ਉਨ੍ਹਾਂ ਦਾ **ਭਲਾ ਕਰੋ**। (28) ਜੋ ਤੁਹਾਨੂੰ ਸਰਾਪ ਦੇਣ ਉਨ੍ਹਾਂ ਨੂੰ **ਅਸੀਸ ਦਿਓ**। ਜੋ ਤੁਹਾਡੀ ਪਤ ਲਾਹੁਣ ਉਨ੍ਹਾਂ ਦੇ ਲਈ **ਪ੍ਰਾਰਥਨਾ ਕਰੋ**। (29) ਜੋ **ਤੇਰੀ** ਇੱਕ ਗੱਲ੍ਹ ਉੱਤੇ ਚਪੇੜ **ਮਾਰੇ** ਤੂੰ ਦੂਈ ਵੀ ਉਹ ਦੀ ਵੱਲ ਕਰ ਦਿਹ ਅਰ ਜੋ ਤੇਰੀ ਚਾਦਰ ਖੋਹ ਲਵੇ ਉਹ ਨੂੰ ਕੁੜਤਾ ਵੀ ਲੈਣੋਂ ਮਨਾ ਨਾ ਕਰ। (30) ਜੋ ਕੋਈ ਤੈਥੋਂ ਮੰਗੇ ਉਹ ਨੂੰ ਦਿਹ ਅਰ ਜੋ ਤੇਰੀਆਂ ਵਸਤਾਂ ਖੋਹ ਲਵੇ ਉਸ ਤੋਂ ਮੁੜ ਨਾ ਮੰਗ। (31) **ਅਤੇ ਜਿਹੋ ਜਿਹਾ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਤਿਹੋ ਜਿਹਾ ਕਰੋ**। ਸੁਨਹਿਰਾ ਨਿਯਮ

1 ਪਤਰਸ 4:13, 14-19 ਸਗੋਂ ਜਿੰਨੇਕੁ **ਤੁਸੀਂ** ਮਸੀਹ ਦੇ **ਦੁੱਖਾਂ ਵਿੱਚ ਸਾਂਝੀ ਹੋ** ਉੱਨਾਕੁ ਅਨੰਦ ਕਰੋ ਭਈ ਉਹ ਦੇ ਤੇਜ ਦੇ ਪਰਕਾਸ਼ ਹੋਣ ਦੇ ਵੇਲੇ ਭੀ ਤੁਸੀਂ ਡਾਢੇ **ਅਨੰਦ ਨਾਲ ਨਿਹਾਲ ਹੋਵੋ** . . . (14) ਜੇ ਮਸੀਹ ਦੇ ਨਾਮ ਦੇ ਕਾਰਨ **ਤੁਹਾਨੂੰ ਬੋਲੀਆਂ ਵੱਜਣ** ਤਾਂ **ਧੰਨ ਹੋ** ਇਸ ਲਈ ਜੋ **ਤੇਜ ਦਾ ਪਿਤਾ ਅਤੇ ਪਰਮੇਸ਼ਰ ਦਾ ਆਤਮਾ ਤੁਹਾਡੇ ਉੱਤੇ ਠਹਿਰਦਾ ਹੈ**। (16) ਪਰ **ਜੇ ਕੋਈ ਮਸੀਹੀ ਹੋਣ ਕਰਕੇ ਦੁੱਖ ਪਾਵੇ** ਤਾਂ ਲੱਜਿਆਵਾਨ ਨਾ ਹੋਵੇ **ਸਗੋਂ ਇਸ ਨਾਮ ਦੇ ਕਾਰਨ ਪਰਮੇਸ਼ਰ ਦੀ ਵਡਿਆਈ ਕਰੇ**। (ਇੱਕ ਨਾਮ ਦੇ ਮਸੀਹੀ ਹੋਣ ਦੇ ਦੁਆਰਾ)

ਮਸੀਹ ਦੇ ਦੁੱਖਾਂ ਉੱਤੇ ਧਿਆਨ ਦੇਵੋ ਕਿ ਤੁਸੀਂ ਵੀ ਇਸ ਦੇ ਵਿੱਚ ਸਾਂਝੀ ਹੋ:

- ਦੂਸਰਿਆਂ ਦੁਆਰਾ **ਰੱਦ ਕੀਤੇ** ਗਏ ਕਿਉਂਕਿ ਤੁਸੀਂ ਉਹ ਕੰਮ ਨਹੀਂ ਕਰਦੇ ਜੋ ਦੂਸਰੇ ਕਰਦੇ ਹਨ। (2 ਕੁਰਿੰਥੀਆਂ 6:14-18; ਅਫਸੀਆਂ 4:14-5:14)

- **ਰੱਦ ਕੀਤੇ** ਹੋਏ ਕਿਉਂਕਿ ਤੁਸੀਂ ਵਿਸ਼ਵਾਸ ਕਰਦੇ ਹੋ ਅਤੇ ਅਭਮਾਨ ਨਾਲ ਬੋਲਦੇ ਹੋ ਕਿ ਯਿਸੂ ਮਸੀਹ ਹੀ ਕੇਵਲ ਸੱਚਾ ਅਤੇ ਸਰਬ ਸ਼ਕਤੀਮਾਨ ਪਰਮੇਸ਼ੁਰ ਹੈ ਜਿਸ ਨੇ ਅਕਾਸ਼ ਅਤੇ ਧਰਤੀ ਦੀ ਸਿਰਜਣਾ ਕੀਤੀ। (ਯਸਾਯਾਹ 45:5, ਅਤੇ 21)

- **ਰੱਦ ਕੀਤੇ** ਕਿਉਂਕਿ ਤੁਸੀਂ ਵਿਸ਼ਵਾਸ ਕਰਦੇ ਹੋ ਅਤੇ ਬੋਲਦੇ ਹੋ ਕਿ ਸਦੀਪਕ ਜੀਵਨ ਦੇ ਲਈ ਕੋਈ ਹੋਰ ਰਾਹ ਨਹੀਂ ਹੈ। (ਰਸੂਲਾਂ ਦੇ ਕਰਤੱਬ 4:12; ਯੂਹੰਨਾ 14:6)

**ਅਨੰਦ ਨਾਲ ਨਿਹਾਲ ਹੋਵੋ** - ਕਿਉਂਕਿ **ਯਿਸੂ ਮਸੀਹ ਦੇ ਇੱਕ ਚੰਗੇ ਗਵਾਹ** ਬਣਨ ਦੇ ਦੁਆਰਾ ਇਸ ਧਰਤੀ ਉੱਤੇ **ਆਪਣੇ ਮਕਸਦ** ਨੂੰ ਤੁਸੀਂ ਪੂਰਾ ਕਰ ਰਹੇ ਹੋ।

> ਅਤੇ ਜਿਵੇਂ ਪਤਰਸ ਆਖਦਾ ਹੈ: 1 ਪਤਰਸ 9:9 **ਬੁਰਿਆਈ ਦੇ ਬਦਲੇ ਬੁਰਿਆਈ ਨਾ ਕਰੋ** ਅਤੇ ਗਾਲ ਦੇ ਬਦਲੇ ਗਾਲ ਨਾ ਕੱਢੋ **ਸਗੋਂ ਉਲਟੇ ਅਸੀਸ ਦਿਓ** ਕਿਉਂ ਜੋ **ਤੁਸੀਂ ਇਸੇ ਦੇ ਲਈ ਸੱਦੇ ਗਏ** ਤਾਂ ਜੋ **ਅਸੀਸ ਦੇ ਅਧਕਾਰੀ ਹੋਵੋ**।

ਜੇਕਰ ਧਰਮ ਅਤੇ ਪ੍ਰੇਮ ਵਾਲਾ ਜੀਵਨ ਜੀਉਣ ਅਤੇ ਸਾਡੇ ਪ੍ਰਭੂ ਯਿਸੂ ਦਾ ਆਦਰ ਕਰਨ ਦੇ ਕਾਰਨ ਤੁਹਾਨੂੰ **ਬੋਲੀਆਂ ਵੱਜਣ**, ਤਾਂ **ਤੁਸੀਂ ਧੰਨ ਹੋ**, ਇਸ ਲਈ ਜੋ **ਤੇਜ ਦਾ ਪਿਤਾ ਅਤੇ ਪਰਮੇਸ਼ਰ ਦਾ ਆਤਮਾ ਤੁਹਾਡੇ ਉੱਤੇ ਠਹਿਰਦਾ ਹੈ**। ਅਤੇ ਉਸ ਦੇ ਗਵਾਹ ਹੋਣ ਦੇ ਲਈ ਇਹ ਵੱਡਾ ਆਦਰ ਹੈ!

- **ਇਹ ਪਰਮੇਸ਼ੁਰ ਨੂੰ ਬਹੁਤ ਪ੍ਰਸੰਨ ਕਰਦਾ ਹੈ:** 1 ਪਤਰਸ 2:19 **ਕਿਉਂਕਿ** ਜੇ ਕੋਈ **ਪਰਮੇਸ਼ਰ** ਦੇ ਖ਼ਿਆਲ ਨਾਲ **ਬੇਇਨਸਾਫ਼ੀ ਝੱਲ ਕੇ ਦੁੱਖ ਸਹਿ ਲਵੇ ਤਾਂ ਇਹ ਪਰਵਾਨ ਹੈ**।

- ਯਿਸੂ ਅਤੇ ਪਰਮੇਸ਼ੁਰ ਪਿਤਾ ਇਸ ਦੀ **ਬਹੁਤ ਕਦਰ ਕਰਦੇ ਹਨ**, ਕਿ ਤੁਹਾਡਾ ਚਾਨਣ ਹੋਰ ਜ਼ਿਆਦਾ ਚਮਕੇ ਇਸ ਲਈ ਜੋ **ਤੇਜ ਦਾ ਪਿਤਾ ਅਤੇ ਪਰਮੇਸ਼ਰ ਦਾ ਆਤਮਾ ਤੁਹਾਡੇ ਉੱਤੇ ਠਹਿਰਦਾ ਹੈ** ਅਤੇ ਸਾਰੇ ਜਿਹੜੇ ਤੁਹਾਡੇ ਆਲੇ ਦੁਆਲੇ ਹਨ ਉਹ ਵੇਖਦੇ ਅਤੇ ਜਾਣਦੇ ਹਨ ਕਿ ਤੁਸੀਂ ਅਦਭੁਤ ਢੰਗ ਨਾਲ ਉਨ੍ਹਾਂ ਨਾਲੋਂ ਵੱਖ ਹੋ। (ਅਫਸੀਆਂ 4:8-17)

2. ਅਸੀਂ ਯੁੱਧ ਵਿੱਚ ਹਾਂ। ਯੁੱਧ ਦਾ ਨਤੀਜਾ ਦੁੱਖ ਹੁੰਦਾ ਹੈ।

- ਅਫਸੀਆਂ 6:10-18 ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖਤਿਆਰਾਂ ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ।

- ਮੱਤੀ 11:12 "ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ"

- ਰਸੂਲਾਂ ਦੇ ਕਰਤੱਬ 14:22 ਅਰ ਚੇਲਿਆਂ ਦੇ ਮਨਾਂ ਨੂੰ ਤਕੜੇ ਕਰਦੇ ਅਰ ਇਹ ਉਪਦੇਸ਼ ਦਿੰਦੇ ਸਨ ਕਿ ਨਿਹਚਾ ਵਿੱਚ ਬਣੇ ਰਹੋ ਅਤੇ ਕਿਹਾ ਭਈ ਅਸੀਂ ਬਹੁਤ ਬਿਪਤਾ ਸਹਿ ਕੇ ਪਰਮੇਸ਼ਰ ਦੇ ਰਾਜ ਵਿੱਚ ਵੜਨਾ ਹੈ।

## ਸ. ਦੁੱਖ ਭੋਗਣਾ, ਜਿਸ ਦਾ ਸਾਡਾ ਪਿਤਾ ਇਸਤੇਮਾਲ ਕਰਦਾ ਹੈ

ਜਿਸ **ਸਮੱਸਿਆ** ਦਾ ਤੁਸੀਂ ਸਾਹਮਣਾ ਕਰਦੇ ਹੋ ਉਹ ਤੁਹਾਨੂੰ **ਹਰਾ** ਦੇਵੇਗੀ ਜਾਂ ਤੁਹਾਨੂੰ ਹੋਰ **ਵਿਕਸਤ** ਕਰੇਗੀ ਅਤੇ ਤੁਹਾਨੂੰ **ਸਿਆਣਾ** ਬਣਾ ਦੇਵੇਗੀ, ਇਹ ਇਸ ਉੱਤੇ ਨਿਰਭਰ ਕਰਦਾ ਹੈ ਕਿ ਤੁਸੀਂ ਸਮੱਸਿਆ ਦੇ ਵੱਲ ਕਿਸ ਤਰ੍ਹਾਂ ਪ੍ਰਤੀਕਿਰਿਆ ਕਰਦੇ ਹੋ। ਬਦਕਿਸਮਤੀ ਨਾਲ ਬਹੁਤ ਸਾਰੇ ਲੋਕ ਇਹ ਵੇਖਣ ਵਿੱਚ ਅਸਫਲ ਹੋ ਜਾਂਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਦੇ ਜੀਵਨਾਂ ਵਿੱਚ ਉਨ੍ਹਾਂ ਦੇ ਭਲੇ ਲਈ ਸਮੱਸਿਆਵਾਂ ਦਾ ਇਸਤੇਮਾਲ ਕਿਵੇਂ ਕਰਨਾ ਚਾਹੁੰਦਾ ਹੈ। ਇਹ ਸੋਚਣ ਲਈ ਰੁਕਣ ਦੀ ਬਜਾਇ ਕਿ ਸਮੱਸਿਆ ਤੋਂ ਕੀ ਲਾਭ ਹੋ ਸਕਦੇ ਹਨ, ਉਹ ਮੂਰਖਤਾ ਵਾਲਾ ਵਿਹਾਰ ਕਰਦੇ ਹਨ ਅਤੇ ਆਪਣੀ ਸਮੱਸਿਆ ਦੇ ਬਾਰੇ ਬੁਰਾ ਬੋਲਦੇ ਹਨ।

> ਕਹਾਉਤਾਂ 6:23 . . . ਸਿੱਖਿਆ ਦੀ ਤਾੜ ਜੀਉਣ ਦਾ ਰਾਹ ਹੈ।

### ਪਰਮੇਸ਼ੁਰ ਤੁਹਾਡੇ ਜੀਵਨ ਵਿੱਚ ਸਮੱਸਿਆਵਾਂ ਦਾ ਇਸਤੇਮਾਲ ਕਰਦਾ ਹੈ:

### 1. ਤੁਹਾਡੇ ਵਿਸ਼ਵਾਸ, ਵਫ਼ਾਦਾਰੀ ਅਤੇ ਸ਼ਹਿਣਸ਼ੀਲਤਾ ਦੀ ਪਰਖ ਕਰਨ ਲਈ

ਪਰਮੇਸ਼ੁਰ ਸਮੱਸਿਆਵਾਂ ਦਾ ਇਸਤੇਮਾਲ ਤੁਹਾਡੀ ਜਾਂਚ ਕਰਨ ਲਈ ਕਰਦਾ ਹੈ। ਲੋਕ ਚਾਹ ਦੀਆਂ ਥੈਲੀਆਂ ਵਰਗੇ ਹਨ. . . ਜੇਕਰ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਉਨ੍ਹਾਂ ਦੇ ਅੰਦਰ ਕੀ ਹੈ, ਤਾਂ ਉਨ੍ਹਾਂ ਨੂੰ ਗਰਮ ਪਾਣੀ ਵਿੱਚ ਰੱਖੋ! ਕੀ ਪਰਮੇਸ਼ੁਰ

ਨੇ ਕਦੇ ਤੁਹਾਡੇ ਵਿਸ਼ਵਾਸ ਦੀ ਪਰਖ ਸਮੱਸਿਆ ਨਾਲ ਕੀਤੀ ਹੈ? ਸਮੱਸਿਆਵਾਂ ਤੁਹਾਡੇ ਬਾਰੇ ਕੀ ਪਰਗਟ ਕਰਦੀਆਂ ਹਨ?

ਯਾਕੂਬ 1:2-3 ਹੇ ਮੇਰੇ ਭਰਾਵੋ, ਜਾਂ ਤੁਸੀਂ **ਭਾਂਤ ਭਾਂਤ ਦੇ ਪਰਤਾਵਿਆਂ** ਵਿੱਚ ਪਵੋ ਤਾਂ ਇਹ ਨੂੰ **ਪੂਰਨ ਅਨੰਦ** ਦੀ ਗੱਲ ਜਾਣੋ। ਕਿਉਂ ਜੋ ਤੁਸੀਂ ਜਾਣਦੇ ਹੋ ਭਈ **ਤੁਹਾਡੀ ਨਿਹਚਾ ਦੀ ਪਰੀਖਿਆ** ਧੀਰਜ ਬਣਾਉਂਦੀ ਹੈ।

ਯਾਕੂਬ 1:12-15 **ਧੰਨ** ਉਹ ਮਨੁੱਖ ਜਿਹੜਾ **ਪਰਤਾਵੇ ਨੂੰ ਸਹਿ ਲੈਂਦਾ ਹੈ** ਕਿਉਂਕਿ ਜਾਂ **ਖਰਾ ਨਿੱਕਲਿਆ** ਤਾਂ ਉਹ ਨੂੰ **ਜੀਵਨ ਦਾ ਉਹ ਮੁਕਟ ਪਰਾਪਤ ਹੋਵੇਗਾ**

1 ਪਤਰਸ 1:6-7 ਇਹ ਦੇ ਵਿੱਚ ਤੁਸੀਂ ਵੱਡਾ ਅਨੰਦ ਕਰਦੇ ਹੋ ਭਾਵੇਂ ਹੁਣ ਥੋੜਾਕੁ ਚਿਰ ਜੇਕਰ ਲੋੜੀਦਾ ਹੋਵੇ ਤਾਂ **ਭਾਂਤ ਭਾਂਤ ਦੇ ਪਰਤਾਵਿਆਂ** ਨਾਲ ਦੁਖੀ ਹੋਏ ਹੋਏ ਹੋ। ਤਾਂ ਜੋ ਤੁਹਾਡੀ **ਪਰਖੀ ਹੋਈ ਨਿਹਚਾ** ਜਿਹੜੀ ਨਾਸ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ ਅੱਗ ਵਿੱਚ ਤਾਇਆ ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ **ਉਸਤਤ**, **ਮਹਿਮਾ** ਅਤੇ **ਆਦਰ** ਦੇ ਜੋਗ ਨਿੱਕਲੇ।

- ਇਹ ਕਹਿਣਾ ਸੌਖਾ ਹੈ "ਮੈਂ ਇੱਕ ਵਿਸ਼ਵਾਸੀ ਹਾਂ, ਮੈਂ ਇੱਕ ਮਸੀਹੀ ਹਾਂ"। ਪਰ ਜਦੋਂ ਤੁਸੀਂ ਇਸ ਧਰਤੀ ਉੱਤੇ ਰੱਦ ਕੀਤੇ ਜਾਂਦੇ ਹੋ, ਤੁਹਾਡਾ ਮਜ਼ਾਕ ਉਡਾਇਆ ਜਾਂਦਾ ਅਤੇ ਤੁਹਾਨੂੰ ਸਤਾਇਆ ਜਾਂਦਾ ਹੈ, ਉਸ ਸਮੇਂ ਧਰਮੀ ਜੀਵਨ ਜੀਉਣਾ ਅਤੇ ਸੱਚੇ ਅਤੇ ਵਫ਼ਾਦਾਰ ਬਣੇ ਰਹਿਣਾ ਦੂਸਰਿਆਂ ਅੱਗੇ ਇਹ **ਸਾਬਤ ਕਰਦਾ ਹੈ** ਕਿ ਤੁਸੀਂ ਇੱਕ ਵਿਸ਼ਵਾਸੀ ਹੋ ਇੱਕ ਮਸੀਹੀ **ਹੋ**। ਉਹ ਕਵੇਲ ਤੁਹਾਡੇ ਸ਼ਬਦ ਹੀ ਨਹੀਂ ਸੁਣਦੇ ਸਗੋਂ ਉਸ ਦੇ ਲਈ ਤੁਹਾਡੇ ਵਫ਼ਾਦਾਰ ਸਮਰਪਣ ਨੂੰ ਵੀ ਵੇਖਦੇ ਹਨ ਜਿਸ ਉੱਤੇ ਤੁਸੀਂ ਵਿਸ਼ਵਾਸ ਕਰਦੇ ਹੋ ਅਤੇ ਇਹ ਯਿਸੂ ਮਸੀਹ ਨੂੰ **ਆਦਰ, ਉਸਤਤ ਅਤੇ ਮਹਿਮਾ** ਦਿੰਦਾ ਹੈ ਅਤੇ ਉਨ੍ਹਾਂ ਨੂੰ ਉਸ ਦਾ ਪਰਕਾਸ਼ ਦਿੰਦਾ ਹੈ। ਅਤੇ ਉਹ ਇਸ ਫੈਸਲੇ ਦਾ ਸਾਹਮਣਾ ਕਰਦੇ ਹਨ ਕਿ ਉਹ ਆਪਣੇ ਆਪ ਨੂੰ ਉਸ ਦੇ ਹੱਥ ਵਿੱਚ ਦੇਣ ਜਾਂ ਉਸ ਦਾ ਇਨਕਾਰ ਕਰਨ।

ਪਰਕਾਸ਼ ਦੀ ਪੋਥੀ 2:10 ਜਿਹੜੇ **ਦੁੱਖ** ਤੈਂ **ਭੋਗਣੇ** ਹਨ ਤੂੰ ਓਹਨਾਂ ਤੋਂ **ਨਾ ਡਰੀਂ**। ਵੇਖੋ, ਸ਼ਤਾਨ ਤੁਹਾਡੇ ਵਿੱਚੋਂ ਕਈਆਂ ਨੂੰ ਕੈਦ ਵਿੱਚ ਪਾ ਸੁੱਟੇਗਾ ਭਈ ਤੁਸੀਂ **ਪਰਤਾਏ ਜਾਓ** ਅਤੇ ਤੁਹਾਨੂੰ ਦਸਾਂ ਦਿਨਾਂ ਤੀਕ **ਬਿਪਤਾ** ਹੋਵੇਗੀ। **ਤੂੰ ਮਰਨ ਤੋੜੀ ਵਫ਼ਾਦਾਰ ਰਹੁ** ਤਾਂ ਮੈਂ ਤੈਨੂੰ ਜੀਵਨ ਦਾ ਮੁਕਟ ਦਿਆਂਗਾ।

ਉਜਾੜ ਦਾ ਮਕਸਦ ਬਿਵਸਥਾਸਾਰ 8:2-5
ਤੁਸੀਂ ਉਸ ਸਾਰੇ ਰਸਤੇ ਨੂੰ ਯਾਦ ਰੱਖੋ ਜਿਹ ਦੇ ਵਿੱਚ ਯਹੋਵਾਹ ਤੁਹਾਡਾ ਪਰਮੇਸ਼ਰ ਤੁਹਾਨੂੰ ਚਾਲੀ ਵਰਹੇ ਉਜਾੜ ਵਿੱਚ ਲਈ ਫਿਰਦਾ ਰਿਹਾ ਤਾਂ ਜੋ ਉਹ ਤੁਹਾਨੂੰ ਅਧੀਨ ਕਰੇ ਅਤੇ **ਤੁਹਾਨੂੰ ਪਰਖੇ** ਅਤੇ ਜਾਣੇ ਭਈ ਤੁਹਾਡੇ ਮਨ ਵਿੱਚ ਕੀ ਹੈ ਅਰਥਾਤ ਕੀ ਤੁਸੀਂ ਉਸ ਦੇ ਹੁਕਮਾਂ ਉੱਤੇ ਚੱਲੋਗੇ ਵੀ ਕਿ ਨਹੀ? (3) ਉਸ ਨੇ ਤੁਹਾਨੂੰ ਅਧੀਨ ਕੀਤਾ ਅਤੇ **ਤਹਾਨੂੰ ਭੁੱਖੇ ਹੋਣ ਦਿੱਤਾ** ਅਤੇ ਉਹ ਮੰਨ ਜਿਹ ਨੂੰ ਨਾ ਤੁਸੀਂ ਨਾ ਤੁਹਾਡੇ ਪਿਉ ਦਾਦੇ ਜਾਣਦੇ ਸਨ ਤੁਹਾਨੂੰ ਖਿਲਾਇਆ ਤਾਂ ਜੋ ਤੁਹਾਨੂੰ ਸਿਖਾਵੇ ਭਈ ਆਦਮੀ ਨਿਰੀ ਰੋਟੀ ਨਾਲ ਹੀ ਜਿਉਂਦਾ ਨਹੀਂ ਰਹੇਗਾ ਪਰ ਹਰ ਇੱਕ ਵਾਕ ਨਾਲ ਜਿਹੜਾ ਯਹੋਵਾਹ ਦੇ ਮੂੰਹੋਂ ਨਿੱਕਲਦਾ ਹੈ ਆਦਮੀ ਜੀਉਂਦਾ ਰਹੇਗਾ। (4) ਇਨ੍ਹਾਂ ਚਾਲੀਆਂ ਵਰਿਹਾਂ ਵਿੱਚ ਨਾ ਤੁਹਾਡੇ ਉਪਰਲੇ ਬੱਸਤਰ ਹੰਢੇ, ਨਾ ਤੁਹਾਡੇ ਪੈਰ ਸੁੱਜੇ। (5) ਤੁਸੀਂ ਆਪਣੇ ਮਨ ਵਿੱਚ ਵਿਚਾਰ ਕਰੋ ਕਿ ਜਿਵੇਂ ਮਨੁੱਖ ਆਪਣੇ ਪੁੱਤਰ ਨੂੰ ਤਾੜਦਾ ਹੈ ਤਿਵੇਂ ਯਹੋਵਾਹ ਤੁਹਾਡਾ ਪਰਮੇਸ਼ਰ **ਤੁਹਾਨੂੰ ਤਾੜਦਾ ਰਿਹਾ**।

## 2. ਸਾਡੇ ਚਰਿੱਤਰ ਨੂੰ ਸੰਪੂਰਨ ਕਰਨ ਲਈ।

1 ਪਤਰਸ 2:19-20 ਕਿਉਂਕਿ ਜੇ ਕੋਈ ਪਰਮੇਸ਼ਰ ਦੇ ਖ਼ਿਆਲ ਨਾਲ ਬੇਇਨਸਾਫ਼ੀ ਝੱਲ ਕੇ **ਦੁੱਖ** ਸਹਿ ਲਵੇ ਤਾਂ ਇਹ ਪਰਵਾਨ ਹੈ। (20) ਜੇ ਤੁਸੀਂ ਪਾਪ ਦੇ ਕਾਰਨ ਮੁੱਕੇ ਖਾ ਕੇ ਧੀਰਜ ਕਰੋ ਤਾਂ ਕੀ ਵਡਿਆਈ ਹੈ? ਪਰ ਜੇ ਤੁਸੀਂ **ਸ਼ੁਭ ਕਰਮਾਂ** ਦੇ ਕਾਰਨ **ਦੁੱਖ ਝੱਲ ਕੇ ਧੀਰਜ ਕਰੋ** ਤਾਂ **ਇਹ ਪਰਮੇਸ਼ਰ ਨੂੰ ਪਰਵਾਨ ਹੈ**।

ਪਰਮੇਸ਼ੁਰ **ਸਮੱਸਿਆਵਾਂ** ਦਾ ਇਸਤੇਮਾਲ ਤੁਹਾਨੂੰ **ਸੰਪੂਰਨ** ਕਰਨ ਲਈ ਕਰਦਾ ਹੈ। **ਸਮੱਸਿਆਵਾਂ** ਦੇ ਵੱਲ ਜਦੋਂ ਸਹੀ ਪ੍ਰਤੀਕਿਰਿਆ ਕੀਤੀ ਜਾਂਦੀ ਹੈ, ਤਾਂ ਇਹ ਸਾਡੇ **ਚਰਿੱਤਰ ਦਾ ਨਿਰਮਾਣ** ਕਰਦੀਆਂ ਹਨ। ਪਰਮੇਸ਼ੁਰ ਤੁਹਾਡੇ ਅਰਾਮ ਨਾਲੋਂ ਤੁਹਾਡੇ ਚਰਿੱਤਰ ਵਿੱਚ ਜ਼ਿਆਦਾ ਦਿਲਚਸਪੀ ਰੱਖਦਾ ਹੈ।

ਰੋਮੀਆਂ 5:3-4 ਨਿਰਾ ਇਹੋ ਨਹੀਂ ਸਗੋਂ **ਬਿਪਤਾਂ** ਵਿੱਚ ਵੀ **ਅਭਮਾਨ** ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ ਬਿਪਤਾ **ਧੀਰਜ** ਪੈਦਾ ਕਰਦੀ ਹੈ। ਅਤੇ ਧੀਰਜ **ਦ੍ਰਿੜ੍ਹਤਾ** ਅਤੇ ਦ੍ਰਿੜ੍ਹਤਾ **ਆਸ** ਪੈਦਾ ਕਰਦੀ ਹੈ।

ਇਬਰਾਨੀਆਂ 2:10 ਜਿਹ ਦੇ ਲਈ ਸੱਭੋ ਕੁਝ ਹੈ ਅਤੇ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਉਸ ਨੂੰ ਜੋਗ ਸੀ ਭਈ ਬਹੁਤਿਆਂ ਪੁੱਤਰਾਂ ਨੂੰ ਤੇਜ ਵਿੱਚ ਲਿਆਉਂਦਿਆਂ ਉਨ੍ਹਾਂ ਦੇ ਮੁਕਤੀ ਦੇਣ ਵਾਲੇ ਆਗੂ ਨੂੰ ਦੁੱਖਾਂ ਦੇ ਦੁਆਰਾ ਸੰਪੂਰਨ ਕਰੇ।

ਇਬਰਾਨੀਆਂ 5:8 ਅਤੇ ਉਹ ਭਾਵੇਂ ਪੁੱਤਰ ਸੀ ਪਰ ਜਿਹੜੇ ਉਹ ਨੇ **ਦੁੱਖ ਭੋਗੇ** ਉਨ੍ਹਾਂ ਤੋਂ **ਆਗਿਆਕਾਰੀ ਸਿੱਖੀ**।

**ਯਿਸੂ** ਨੇ ਸਾਡੇ ਵਰਗਾ ਬਣਨ ਲਈ, ਸਾਡੇ ਨਾਲ ਰਹਿਣ ਲਈ, ਸਾਨੂੰ ਸਿਖਾਉਣ ਲਈ ਅਤੇ ਸਾਡੇ ਲਈ ਬਲੀਦਾਨ ਹੋਣ ਲਈ ਆਪਣੇ ਸਿੰਘਾਸਣ ਨੂੰ ਛੱਡਿਆ, ਆਪਣੀ ਪੱਦਵੀ ਨੂੰ **ਛੱਡਿਆ** ਅਤੇ ਸਵਰਗ ਨੂੰ ਛੱਡਿਆ।

ਫਿਲਿੱਪੀਆਂ 2:4-8 ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ (6) ਕਿ ਉਸ ਨੇ ਪਰਮੇਸ਼ਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। (7) ਸਗੋਂ ਉਸ ਨੇ ਆਪਣੇ ਆਪ ਨੂੰ **ਸੱਖਣਾ ਕਰ ਕੇ ਦਾਸ** ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ (8) ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ **ਆਪਣੇ ਆਪ ਨੂੰ ਨੀਵਿਆਂ ਕੀਤਾ** ਅਤੇ ਮੌਤ ਤਾਈ ਸਗੋਂ ਸਲੀਬ ਦੀ **ਮੌਤ** ਤਾਈ ਆਗਿਆਕਾਰ ਬਣਿਆ।

**ਉਸ** ਨੇ ਮਨੁੱਖਾਂ ਦੀ ਬੁਰਾਈ, ਸ਼ੱਕ ਅਤੇ ਗਲਤਫ਼ਹਿਮੀ ਨੂੰ **ਝੱਲਿਆ**। ਉਹ ਸਾਡੇ ਦੁੱਖਾਂ ਵਿੱਚ ਦਾਖਲ ਹੋਇਆ। ਉਹ ਸਾਡੇ ਦੁੱਖਾਂ ਵਿੱਚ ਸਾਂਝੀ ਹੋਇਆ। (ਯਸਾਯਾਹ 53)

1 ਪਤਰਸ 4:1-2 ਸੋ ਜਦੋਂ ਮਸੀਹ ਨੇ ਸਰੀਰ ਵਿੱਚ ਦੁੱਖ ਝੱਲਿਆ ਤਾਂ ਤੁਸੀਂ ਵੀ **ਓਸੇ ਮਨਸ਼ਾ** ਦੇ ਹਥਿਆਰ ਬੰਨ੍ਹੋਂ ਕਿਉਂਕਿ **ਜਿਹ ਨੇ ਸਰੀਰ ਵਿੱਚ ਦੁੱਖ ਝੱਲਿਆ ਉਹ ਪਾਪ ਤੋਂ ਰਹਿਤ ਹੋਇਆ**। ਭਈ ਤੁਸੀਂ ਅਗਾਹਾਂ ਨੂੰ ਮਨੁੱਖਾਂ ਦੀਆਂ ਕਾਮਨਾਂ ਦੇ ਅਨੁਸਾਰ ਨਹੀਂ ਸਗੋਂ **ਪਰਮੇਸ਼ਰ ਦੀ ਇੱਛਿਆ ਦੇ ਅਨੁਸਾਰ** ਸਰੀਰ ਵਿੱਚ ਆਪਣੀ ਬਾਕੀ ਦੀ ਉਮਰ ਕੱਟੋ।

ਇਸੇ ਤਰ੍ਹਾਂ ਅਸੀਂ ਮੁਸ਼ਕਿਲਾਂ, ਸਮੱਸਿਆਵਾਂ ਅਤੇ ਦੁੱਖ ਭੋਗਣ ਦੁਆਰਾ ਆਪਣੇ ਸੇਵਕਾਈ ਦੇ ਕੰਮ ਅਤੇ ਦੂਸਰਿਆਂ ਦੀ ਸੇਵਾ ਕਰਨ ਲਈ ਸੰਪੂਰਨ ਹੁੰਦੇ ਹਾਂ।

ਇਹ ਸਾਡੇ ਵਿੱਚ **ਨੈਤਿਕ ਅਤੇ ਆਤਮਿਕ ਜਿੱਤ** ਨੂੰ ਪੈਦਾ ਕਰਦਾ ਹੈ ਜਿੱਥੇ ਅਸੀਂ ਉਸ ਦੀ ਤਾਕਤ ਵਿੱਚ ਖੜ੍ਹੇ ਹੋ ਸਕਦੇ ਹਾਂ ਅਤੇ ਸਰੀਰ ਉੱਤੇ ਭਰੋਸਾ ਨਹੀਂ ਕਰਦੇ। ਅਨੁਭਵ ਉੱਤਮ ਅਧਿਆਪਕ ਹੈ, ਪਰ ਇਹ ਸਭ ਤੋਂ ਜ਼ਿਆਦਾ ਫੀਸ ਲੈਂਦਾ ਹੈ।

- ਯੂਸੁਫ਼ ਇੱਕ ਚੰਗੀ ਉਦਾਹਰਣ ਹੈ: ਉਸ ਦੇ ਭਰਾ ਉਸ ਨੂੰ ਨਫ਼ਰਤ ਕਰਦੇ ਸਨ (ਉਤਪਤ 37:4), ਉਸ ਨੂੰ ਮਿਸਰ ਵਿੱਚ ਵੇਚ ਦਿੱਤਾ ਗਿਆ (37:27), ਇੱਕ ਔਰਤ ਦੁਆਰਾ ਪਰਤਾਇਆ ਗਿਆ (39:12) ਅਤੇ ਦੋ ਸਾਲ ਲਈ ਕੈਦ ਵਿੱਚ ਰਿਹਾ (39:20; 40:1)

1 ਪਤਰਸ 5:8-10 ਅਤੇ ਪਰਮ ਕਿਰਪਾਲੂ ਪਰਮੇਸ਼ਰ ਜਿਹ ਨੇ ਤੁਹਾਨੂੰ ਆਪਣੇ ਸਦੀਪਕ ਤੇਜ ਦੇ ਲਈ ਮਸੀਹ ਵਿੱਚ ਸੱਦਿਆ ਜਦ ਤੁਸਾਂ ਥੋੜਾ ਚਿਰ **ਦੁੱਖ ਭੋਗ ਲਿਆ** ਤਾਂ ਆਪੇ ਤੁਹਾਨੂੰ ਕਾਮਿਲ, ਕਾਇਮ ਅਤੇ ਤਕੜਿਆਂ ਕਰੇਗਾ।

ਯਾਕੂਬ 1:2-4 ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ **ਪਰਤਾਵਿਆਂ** ਵਿੱਚ ਪਵੋ ਤਾਂ ਇਹ ਨੂੰ ਪੂਰਨ **ਅਨੰਦ** ਦੀ ਗੱਲ ਜਾਣੋ। ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਹਾਡੀ ਨਿਹਚਾ ਦੀ ਪਰੀਖਿਆ **ਧੀਰਜ** ਬਣਾਉਂਦੀ ਹੈ। ਅਤੇ ਧੀਰਜ ਦੇ ਕੰਮ ਨੂੰ ਪੂਰਿਆਂ ਹੋ ਲੈਣ ਦਿਓ **ਭਈ ਤੁਸੀਂ ਸਿੱਧ** ਅਤੇ **ਸੰਪੂਰਨ ਹੋਵੋ** ਅਤੇ ਤੁਹਾਨੂੰ ਕਿਸੇ ਗੱਲ ਦਾ ਘਾਟਾ ਨਾ ਹੋਵੇ। (5:10-11) ਹੇ ਮੇਰੇ ਭਰਾਵੋ, ਜਿਹੜੇ **ਨਬੀ** ਪ੍ਰਭੂ ਦਾ ਨਾਮ ਲੈ ਕੇ ਬੋਲਦੇ ਸਨ ਉਨ੍ਹਾਂ ਨੂੰ ਦੁੱਖ ਝੱਲਣ ਦਾ ਅਤੇ ਧੀਰਜ ਕਰਨ ਦਾ ਨਮੂਨਾ ਮੰਨ ਲਓ। ਵੇਖੋ, ਅਸੀਂ ਉਨ੍ਹਾਂ ਨੂੰ **ਧੰਨ ਆਖਦੇ ਹਾਂ ਜਿਨ੍ਹਾਂ ਸਬਰ ਕੀਤਾ**। ਤੁਸਾਂ **ਅੱਯੂਬ ਦਾ ਸਬਰ** ਸੁਣਿਆ ਹੈ ਅਤੇ ਪ੍ਰਭੂ ਦਾ ਪਰੋਜਨ ਜਾਣਦੇ ਹੋ ਭਈ ਪ੍ਰਭੂ ਵੱਡਾ ਦਰਦੀ ਅਤੇ ਦਿਆਲੂ ਹੈ।

- ਇਸਰਾਏਲ ਲਗਾਤਾਰ ਉਜਾੜ ਵਿੱਚ ਸ਼ਕਾਇਤ ਕਰਦਾ ਰਿਹਾ, ਕੁੜਕੁੜਾਉਂਦਾ ਰਿਹਾ ਅਤੇ ਬੁੜਬੁੜਾਉਂਦਾ ਰਿਹਾ (1 ਕੁਰਿੰਥੀਆਂ 10:10; ਗਿਣਤੀ 11:1)। ਉਨ੍ਹਾਂ ਨੇ ਆਪਣੇ ਚਰਿੱਤਰ ਨੂੰ ਸੰਪੂਰਨ ਨਹੀਂ ਹੋਣ ਦਿੱਤਾ।

ਰੋਮੀਆਂ 5:3-4 ਨਿਰਾ ਇਹੋ ਨਹੀਂ ਸਗੋਂ **ਬਿਪਤਾਂ** ਵਿੱਚ ਵੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ **ਬਿਪਤਾ ਧੀਰਜ** ਪੈਦਾ ਕਰਦੀ ਹੈ। ਅਤੇ **ਧੀਰਜ ਦ੍ਰਿੜ੍ਹਤਾ** ਅਤੇ ਦ੍ਰਿੜ੍ਹਤਾ **ਆਸ** ਪੈਦਾ ਕਰਦੀ ਹੈ।

## 3. ਉਸ ਦੇ ਨਾਮ ਨੂੰ ਮਹਿਮਾ ਦੇਣ ਲਈ

ਯੂਹੰਨਾ 12:27-28 ਹੁਣ ਮੇਰਾ ਜੀ ਘਬਰਾਉਂਦਾ ਹੈ ਅਤੇ ਮੈਂ ਕੀ ਆਖਾਂ? ਹੇ ਪਿਤਾ ਮੈਨੂੰ ਇਸ ਘੜੀ ਤੋਂ ਬਚਾ? ਪਰ **ਇਸੇ ਲਈ** ਮੈਂ ਇਸ ਘੜੀ ਤੀਕੁ ਆਇਆ ਹਾਂ। ਹੇ ਪਿਤਾ **ਆਪਣੇ ਨਾਮ ਨੂੰ ਵਡਿਆਈ ਦੇਹ**। ਤਦੋਂ ਏਹ ਸੁਰਗੀ ਬਾਣੀ ਆਈ ਜੋ ਮੈਂ ਉਹ ਨੂੰ ਵਡਿਆਈ ਦਿੱਤੀ ਹੈ ਅਰ **ਫੇਰ ਵੀ ਦਿਆਂਗਾ**।

- ਯਿਸੂ **ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ** ਉਸ ਸਮੇਂ 'ਤੇ ਆਇਆ ਜਦੋਂ ਉਸ ਲਈ **ਵੱਡਾ ਦੁੱਖ ਭੋਗਣਾ** ਜ਼ਰੂਰੀ ਸੀ। ਇਹ ਸਾਡੇ ਮਿਸ਼ਨ ਦੇ ਲਈ ਜ਼ਰੂਰੀ **ਹੋਵੇਗਾ**।

ਇਬਰਾਨੀਆਂ 2:9-10 ਪਰ ਅਸੀਂ ਉਹ ਨੂੰ ਜਿਹੜਾ ਦੂਤਾਂ ਨਾਲੋਂ ਥੋੜੇ ਚਿਰ ਲਈ ਘੱਟ ਕੀਤਾ ਗਿਆ ਹੈ ਅਰਥਾਤ ਯਿਸੂ ਨੂੰ **ਮੌਤ ਦਾ ਦੁਖ ਝੱਲਣ ਦੇ ਕਾਰਨ ਪਰਤਾਪ ਅਤੇ ਮਾਣ ਦਾ ਮੁਕਟ ਰੱਖਿਆ ਹੋਇਆ ਵੇਖਦੇ ਹਾਂ** ਤਾਂ ਜੋ ਉਹ ਪਰਮੇਸ਼ਰ ਦੀ ਕਿਰਪਾ ਨਾਲ ਹਰੇਕ ਮਨੁੱਖ ਲਈ ਮੌਤ ਦਾ ਸੁਆਦ ਚੱਖੇ। (10) ਜਿਹ ਦੇ ਲਈ ਸੱਭੋ ਕੁਝ ਹੈ ਅਤੇ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਉਸ ਨੂੰ ਜੋਗ ਸੀ ਭਈ **ਬਹੁਤਿਆਂ ਪੁੱਤਰਾਂ ਨੂੰ ਤੇਜ ਵਿੱਚ ਲਿਆਉਂਦਿਆਂ** ਉਨ੍ਹਾਂ ਦੇ ਮੁਕਤੀ ਦੇਣ ਵਾਲੇ ਆਗੂ ਨੂੰ **ਦੁੱਖਾਂ** ਦੇ ਦੁਆਰਾ ਸੰਪੂਰਨ ਕਰੇ।

- **ਉਸ ਨੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਪ੍ਰਾਰਥਨਾ ਨਹੀਂ ਕੀਤੀ। ਉਹ ਜਾਣਦਾ ਸੀ ਕਿ ਇਹ ਜ਼ਰੂਰੀ ਸੀ ਅਤੇ ਇੱਕ ਮਕਸਦ ਲਈ ਸੀ।**

- **ਉਸ ਦੇ ਪਿਤਾ ਦੀ ਮਹਿਮਾ ਦੇ ਲਈ** ਉਸ ਦੇ ਅਰਾਮ ਨੂੰ ਇੱਕ ਪਾਸੇ ਰੱਖ ਦਿੱਤਾ ਗਿਆ ਸੀ। ਜਿਵੇਂ ਬਹੁਤ ਸਾਰੇ ਮਿਸ਼ਨਰੀ ਕਰਦੇ ਹਨ।

ਅਮਰੀਕਾ ਦੇ ਵਿੱਚ ਜ਼ਿਆਦਾਤਰ ਕਲੀਸਿਯਾਵਾਂ ਇਸ ਨੂੰ ਫੜ ਕੇ ਰੱਖਦੀਆਂ ਹਨ ਅਤੇ ਵਿਸ਼ਵਾਸ ਕਰਦੀਆਂ ਹਨ ਕਿ ਸਲੀਬ ਦੀ ਮੌਤ ਤੋਂ ਬਾਅਦ **ਜੀ ਉੱਠਣਾ ਸਲੀਬ ਦਾ** ਅਰਾਮ ਵਾਲਾ **ਪਹਿਲੂ ਹੈ** ਅਤੇ ਹਮੇਸ਼ਾ ਇਸ ਅਰਾਮ ਵਾਲੇ **ਪਹਿਲੂ** ਦਾ ਸਾਹਮਣਾ ਕਰਾਂਗੇ। ਇਹ ਗਲਤ ਧਰਮ ਵਿਗਿਆਨ ਹੈ।

**ਨਹੀਂ!** ਇਹ ਸਲੀਬ ਦੀ ਮੌਤ ਹੈ ਜੋ ਪਿਤਾ ਨੂੰ ਮਹਿਮਾ ਦਿੰਦੀ ਹੈ! ਫਿਰ ਉਸ ਤੋਂ ਬਾਅਦ ਜੀ ਉੱਠਣਾ ਹੈ।

ਯੂਹੰਨਾ 12:24 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ **ਮਰੇ** ਤਾਂ ਉਹ **ਇਕੱਲਾ** ਹੀ ਰਹਿੰਦਾ ਹੈ ਪਰ **ਜੇ ਮਰੇ** ਤਾਂ **ਬਹੁਤ ਸਾਰਾ ਫਲ** ਦਿੰਦਾ।

ਲੂਕਾ 9:22 ਅਤੇ ਆਖਿਆ ਭਈ ਜ਼ਰੂਰ ਹੈ ਜੋ ਮਨੁੱਖ ਦਾ ਪੁੱਤਰ ਬਹੁਤ **ਦੁਖ ਝੱਲੇ** (ਪਹਿਲਾ) ਅਤੇ ਬਜ਼ੁਰਗਾਂ ਅਰ ਪਰਧਾਨ ਜਾਜਕਾਂ ਅਰ ਗ੍ਰੰਥੀਆਂ ਥੀਂ ਰੱਦਿਆ ਜਾਏ ਅਤੇ **ਮਾਰ ਸੁੱਟਿਆ** ਜਾਏ ਅਤੇ ਤੀਜੇ ਦਿਨ **ਜੁਆਲਿਆ ਜਾਏ।** (ਦੂਸਰਾ)

ਦੁੱਖ ਭੋਗਣ, ਤਕਲੀਫ਼, ਕਸ਼ਟ ਅਤੇ ਮੌਤ ਦੁਆਰਾ:

- ❖ ਪਾਪ ਨੂੰ ਹਰਾਇਆ ਗਿਆ। ਮੌਤ ਨੂੰ ਹਰਾਇਆ ਗਿਆ। ਸ਼ਤਾਨ ਨੂੰ ਹਰਾਇਆ ਗਿਆ।

- ❖ ਪਰਮੇਸ਼ੁਰ ਦੇ ਲੋਕਾਂ ਨੂੰ ਧਰਮੀ ਠਹਿਰਾਇਆ ਗਿਆ ਅਤੇ ਛੁਟਕਾਰਾ ਦਿੱਤਾ ਗਿਆ।

ਯਿਸੂ ਸਾਡੀ ਉਦਾਹਰਣ ਹੈ; ਸਾਨੂੰ ਵੀ ਆਪਣੇ ਜੀਵਨ ਵਿੱਚ ਕਿਸੇ ਵੀ ਕੀਮਤ ਉੱਤੇ **ਆਪਣੇ ਸਵਰਗੀ ਪਿਤਾ ਨੂੰ ਮਹਿਮਾ ਨੂੰ ਪਹਿਲ ਦੇਣੀ ਚਾਹੀਦੀ ਹੈ** ਅਤੇ **ਇਸ ਨੂੰ ਸਭ ਤੋਂ ਅੱਗੇ ਰੱਖਣਾ ਚਾਹੀਦਾ ਹੈ।**

ਜਿਵੇਂ ਸ਼ਤਾਨ ਨੇ ਯਿਸੂ ਨੂੰ ਪਰਤਾਇਆ, **ਉਸੇ ਤਰ੍ਹਾਂ ਉਹ ਸਾਨੂੰ ਪਰਤਾਵੇਗਾ** ਕਿ **ਅਸੀਂ ਆਪਣੀ ਮਹਿਮਾ ਕਰੀਏ ਨਾ ਕਿ ਆਪਣੇ ਸਵਰਗੀ ਪਿਤਾ ਦੀ**: ਅਤੇ ਉਹ ਨੂੰ ਆਖਿਆ, ਮੈਂ ਇਹ ਸਾਰਾ ਇਖ਼ਤਿਆਰ ਅਤੇ **ਉਨ੍ਹਾਂ ਦੀ ਭੜਕ** ਤੈਨੂੰ ਦਿਆਂਗਾ ਕਿਉਂ ਜੋ ਇਹ ਮੇਰੇ ਵੱਸ ਵਿੱਚ ਕੀਤਾ ਹੋਇਆ ਹੈ ਅਰ ਜਿਹ ਨੂੰ ਚਾਹੁੰਦਾ ਉਹ ਨੂੰ ਦਿੰਦਾ ਹਾਂ। ਲੂਕਾ 4:6

- ਯਿਸੂ ਨੇ ਆਪਣੇ ਪਿਤਾ ਨੂੰ ਮਹਿਮਾ ਇਹ ਵਿਖਾਉਣ ਦੇ ਦੁਆਰਾ ਦਿੱਤੀ ਕਿ ਉਹ ਉਸ ਦੀ ਸੰਤਾਨ ਨੂੰ ਛੁਟਕਾਰਾ ਦੇਣ ਜਾ ਰਿਹਾ ਹੈ। ਛੁਟਕਾਰੇ ਦੇ ਮੁੱਲ ਨੂੰ ਭਰਨ ਦੇ ਦੁਆਰਾ।

ਲੂਕਾ 24:26 ਕੀ ਮਸੀਹ ਨੂੰ **ਜ਼ਰੂਰੀ** ਨਾ ਸੀ ਜੋ ਏਹ ਕਸ਼ਟ ਭੋਗ ਕੇ **ਆਪਣੇ ਤੇਜ** ਵਿੱਚ ਪ੍ਰਵੇਸ ਕਰੇ?

- ਯਿਸੂ ਨੇ ਛੁਟਕਾਰੇ ਦਾ ਮੁੱਲ ਭਰਿਆ – ਸਵਰਗ ਦੇ ਲਈ ਫਾਟਕਾਂ ਨੂੰ ਖੋਲਿਆ – ਫਿਰ ਸਲੀਬ ਉੱਤੇ ਆਖਿਆ: **ਪੂਰਾ ਹੋਇਆ!** (ਯੂਹੰਨਾ 19:30)। **ਉਸ ਦਾ** ਛੁਟਕਾਰੇ ਦਾ **ਕੰਮ ਪੂਰਾ ਹੋ ਗਿਆ ਸੀ।**

- **ਫਿਰ** ਯਿਸੂ ਨੇ **ਸਾਨੂੰ** ਕੰਮ **ਦਿੱਤਾ** ਕਿ ਅਸੀਂ ਖੁਸ਼ਖਬਰੀ ਨੂੰ ਹਰੇਕ ਤੱਕ ਲੈ ਕੇ ਜਾਈਏ - ਮਹਾਨ ਆਗਿਆ; ਮੱਤੀ 28:19

ਜਿਵੇਂ ਉਸ ਦੇ ਮਿਸ਼ਨ ਲਈ ਬਲੀਦਾਨ ਅਤੇ ਦੁੱਖ ਭੋਗਣ ਦੀ ਲੋੜ ਸੀ,
ਉਸੇ ਤਰ੍ਹਾਂ ਹੀ ਸਾਡੇ ਮਿਸ਼ਨ ਲਈ ਬਲੀਦਾਨ ਅਤੇ ਦੁੱਖ ਭੋਗਣ ਦੀ ਲੋੜ ਹੋਵੇਗੀ।

ਇਹੋ ਕੁਲੁੱਸੀਆਂ 1:24 ਵਿੱਚ ਪੌਲੁਸ ਦਾ ਅਰਥ ਹੈ
ਹੁਣ ਮੈਂ **ਆਪਣਿਆਂ ਉਨ੍ਹਾਂ ਦੁੱਖਾਂ ਵਿੱਚ** ਜੋ ਤੁਹਾਡੇ ਲਈ ਝੱਲਦਾ ਹਾਂ **ਅਨੰਦ ਹਾਂ** ਅਤੇ **ਮਸੀਹ ਦੀਆਂ ਬਿਪਤਾਂ ਦਾ ਘਾਟਾ ਮੈਂ** ਉਹ ਦੀ ਦੇਹੀ ਅਰਥਾਤ ਕਲੀਸਿਯਾ ਦੇ ਲਈ ਆਪਣੇ ਸਰੀਰ ਵਿੱਚ **ਪੂਰਾ ਕਰਦਾ ਹਾਂ**।

ਹਰੇਕ ਕਬੀਲੇ, ਭਾਸ਼ਾ ਅਤੇ ਕੌਮ ਲਈ ਇਹ ਜਾਣਨ ਲਈ ਕਿ ਯਿਸੂ ਕੌਣ ਹੈ ਅਤੇ ਉਸ ਨੇ ਸਾਡੇ ਲਈ ਕੀ ਕੀਤਾ ਹੈ, **ਜਿਸ ਚੀਜ਼ ਦੀ ਘਾਟ ਹੈ** ਉਹ ਹੈ ਜ਼ਰੂਰੀ ਦੁੱਖ ਭੋਗਣਾ।

1 ਪਤਰਸ 2:21-23 ਕਿਉਂ ਜੋ **ਤੁਸੀਂ ਇਸੇ ਕਾਰਨ ਸੱਦੇ ਗਏ** ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ **ਦੁੱਖ ਝੱਲ ਕੇ** ਇੱਕ **ਨਮੂਨਾ ਤੁਹਾਡੇ ਲਈ ਛੱਡ ਗਿਆ** ਭਈ ਤੁਸੀਂ **ਉਹ ਦੀ ਪੈੜ ਉੱਤੇ ਤੁਰੋ**। (22) ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। (23) ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ **ਦੁੱਖ ਪਾ** ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ **ਹੱਥ ਸੌਂਪਦਾ** ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।

ਪਰਕਾਸ਼ ਦੀ ਪੋਥੀ 5:12 ਅਤੇ ਓਹ ਵੱਡੀ ਅਵਾਜ਼ ਨਾਲ ਇਹ ਆਖਦੇ ਸਨ,- **ਲੇਲਾ** ਜਿਹੜਾ ਕੋਹਿਆ ਗਿਆ ਸੀ ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, **ਮਹਿਮਾ** ਅਤੇ ਧੰਨਵਾਦ ਲੈਣ ਦੇ **ਜੋਗ ਹੈ**!

ਪਰਕਾਸ਼ ਦੀ ਪੋਥੀ 5:13 ਹਰੇਕ ਸਰਿਸ਼ਟ ਨੂੰ ਜੋ ਸੁਰਗ ਵਿੱਚ ਅਤੇ ਧਰਤੀ ਉੱਤੇ ਅਤੇ ਧਰਤੀ ਦੇ ਹੇਠ ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ ਜੋ ਓਹਨਾਂ ਦੇ ਵਿੱਚ ਹਨ ਮੈਂ ਇਹ ਆਖਦੇ ਸੁਣਿਆ,- ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਉਹ ਦਾ ਅਤੇ **ਲੇਲੇ ਦਾ ਧੰਨਵਾਦ**, **ਮਾਣ**, **ਮਹਿਮਾ** ਪ੍ਰਾਕਰਮ **ਜੁੱਗੋ ਜੁੱਗ ਹੋਵੇ**!

4. ਕੁਝ ਬਿਮਾਰੀਆਂ ਦੇ ਕਾਰਨ ਦੁੱਖ ਭੋਗਣਾ ਉਸ ਦੀ ਮਹਿਮਾ ਦੇ ਲਈ ਹੈ।

ਯੂਹੰਨਾ 11:4 ਯਿਸੂ ਨੇ ਸੁਣ ਕੇ ਕਿਹਾ, ਇਹ **ਬਿਮਾਰੀ** ਮੌਤ ਦੀ ਨਹੀਂ ਸਗੋਂ **ਪਰਮੇਸ਼ਰ ਦੀ ਵਡਿਆਈ ਦੇ ਨਿਮਿੱਤ** ਹੈ ਜੋ ਇਸ ਤੋਂ ਪਰਮੇਸ਼ਰ ਦੇ ਪੁੱਤਰ ਦੀ ਵਡਿਆਈ ਹੋਵੇ।

ਯੂਹੰਨਾ 9:2-3 ਅਰ ਉਸ ਦੇ ਚੇਲਿਆਂ ਨੇ ਉਸ ਨੂੰ ਪੁੱਛਿਆ, ਸੁਆਮੀ ਜੀ ਕਿਹ ਨੇ ਪਾਪ ਕੀਤਾ ਇਸ ਨੇ ਯਾ ਇਹ ਦੇ ਮਾਪਿਆਂ ਨੇ ਜੋ ਇਹ ਅੰਨ੍ਹਾ ਜੰਮਿਆ ਹੈ? ਯਿਸੂ ਨੇ ਉੱਤਰ ਦਿੱਤਾ, ਨਾ ਤਾਂ ਇਸ ਨੇ ਪਾਪ ਕੀਤਾ ਨਾ ਇਹ ਦੇ ਮਾਪਿਆਂ ਨੇ ਪਰ ਇਹ **ਇਸ ਲਈ ਹੋਇਆ ਜੋ ਪਰਮੇਸ਼ਰ ਦੇ ਕੰਮ** ਉਸ ਵਿੱਚ ਪਰਗਟ ਕੀਤੇ ਜਾਣ।

2 ਕੁਰਿੰਥੀਆਂ 12:7-10 ਅਤੇ ਇਸ ਲਈ ਜੋ **ਮੈਂ** ਪਰਕਾਸ਼ ਬਾਣੀਆਂ ਦੀ ਬਹੁਤਾਇਤ ਦੇ ਕਾਰਨ **ਹੱਦੋਂ ਬਾਹਰ ਫੁੱਲ ਨਾ ਜਾਵਾਂ** ਮੇਰੇ ਸਰੀਰ ਵਿੱਚ ਇੱਕ ਕੰਡਾ ਚੋਭਿਆ ਗਿਆ ਅਰਥਾਤ ਸ਼ਤਾਨ ਦਾ ਘੱਲਿਆ ਹੋਇਆ ਭਈ ਉਹ ਮੈਨੂੰ ਹੂਰੇ ਮਾਰੇ ਤਾਂ ਜੋ ਮੈਂ ਹੱਦੋਂ ਬਾਹਰ ਫੁੱਲ ਨਾ ਜਾਵਾਂ। (8) ਇਹ ਦੇ ਲਈ ਮੈਂ ਪ੍ਰਭੂ ਦੇ ਅੱਗੇ ਤਿੰਨ ਵਾਰ ਬੇਨਤੀ ਕੀਤੀ ਭਈ ਇਹ ਮੈਥੋਂ ਦੂਰ ਹੋ ਜਾਵੇ। (9) ਅਤੇ ਉਸ ਨੇ ਮੈਨੂੰ ਆਖਿਆ ਭਈ ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ

ਮੇਰੀ **ਸਮਰੱਥਾ ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ**। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ। (10) **ਇਸ ਕਾਰਨ ਮੈਂ ਮਸੀਹ ਦੇ ਲਈ ਨਿਰਬਲਤਾਈਆਂ ਉੱਤੇ, ਮਿਹਣਿਆਂ ਉੱਤੇ, ਤੰਗੀਆਂ ਉੱਤੇ, ਸਤਾਏ ਜਾਣ ਉੱਤੇ, ਸੰਕਟਾਂ ਉੱਤੇ, ਪਰਸੰਨ ਹਾਂ** ਕਿਉਂਕਿ ਜਦੋਂ ਮੈਂ ਨਿਰਬਲ ਹੁੰਦਾ ਹਾਂ ਤਦੋਂ ਹੀ ਸਮਰਥੀ ਹੁੰਦਾ ਹਾਂ।

## 5. ਸਾਨੂ ਸੇਵਕਾਈ ਦੇ ਲਈ ਤਿਆਰ ਕਰਨ ਲਈ

ਯੂਹੰਨਾ 12:24-26 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿੱਚ ਪੈ ਕੇ ਨਾ **ਮਰੇ** ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ **ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ**। ਜਿਹੜਾ ਆਪਣੀ ਜਾਨ ਨਾਲ ਹਿਤ ਕਰਦਾ ਹੈ ਉਹ ਉਸ ਨੂੰ ਗੁਆਉਂਦਾ ਅਤੇ ਜਿਹੜਾ ਇਸ ਜਗਤ ਵਿੱਚ ਆਪਣੀ ਜਾਨ ਨਾਲ ਵੈਰ ਰੱਖਦਾ ਹੈ ਉਹ ਸਦੀਪਕ ਜੀਉਣ ਤਾਈਂ ਉਹ ਦੀ ਰੱਛਿਆ ਕਰੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ ਮੇਰੇ ਪਿੱਛੇ ਹੋ ਤੁਰੇ ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਭੀ ਉੱਥੇ ਹੋਵੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ ਪਿਤਾ ਉਹ ਦਾ ਆਦਰ ਕਰੇਗਾ।

ਇਹ ਆਇਤ ਸਾਨੂੰ ਸਪਸ਼ਟ ਰੂਪ ਵਿੱਚ ਦੱਸਦੀ ਹੈ:

- ਮੌਤ ਤੋਂ ਬਾਅਦ ਫਲ ਹੈ ਅਤੇ ਮੌਤ ਤੋਂ ਬਾਅਦ ਨਵਾਂ ਜੀਵਨ ਹੈ।
- ਜਦੋਂ ਤੱਕ ਪਹਿਲੀ ਮੌਤ ਨਹੀਂ ਹੁੰਦੀ ਉਸ ਤੋਂ ਪਹਿਲਾਂ ਕੋਈ ਜੀ ਉੱਠਣਾ ਨਹੀਂ ਹੈ

ਇਹ ਇਸ ਸੱਚਾਈ ਨੂੰ ਪਰਗਟ ਕਰਦੀ ਹੈ ਕਿ **ਸਲੀਬ ਦੇ ਦੋ ਪਹਿਲੂ ਹਨ**

- ❖ ਪਹਿਲਾ **ਪਹਿਲੂ ਦੁੱਖ ਭੋਗਣਾ ਹੈ** ਅਤੇ ਉਸ ਤੋਂ ਬਾਅਦ **ਜੀਵਨ ਦਾ ਪਹਿਲੂ ਹੈ**।
- ❖ ਇੱਕ ਫਲਦਾਇਕ ਜੀਵਨ ਅਤੇ ਸੇਵਕਾਈ ਲਈ - ਸਲੀਬ ਦੇ ਦੋਵੇਂ ਪਹਿਲੂਆਂ ਦਾ ਸਾਹਮਣਾ ਕੀਤਾ ਜਾਣਾ ਚਾਹੀਦਾ ਹੈ ਅਤੇ ਅਨੁਭਵ ਕੀਤਾ ਜਾਣਾ ਚਾਹੀਦਾ ਹੈ।

ਮੱਤੀ 10:38-39 ਅਤੇ ਜੇ ਕੋਈ **ਆਪਣੀ ਸਲੀਬ ਚੁੱਕ ਕੇ** ਮੇਰੇ ਮਗਰ ਨਾ ਤੁਰੇ ਮੇਰੇ ਜੋਗ ਨਹੀਂ। ਜਿਸ ਕਿਸੇ ਨੇ ਆਪਣੀ ਜਾਨ ਲੱਭ ਲਈ ਉਹ ਉਸ ਨੂੰ ਗੁਆਵੇਗਾ ਅਤੇ **ਜਿਸ ਕਿਸੇ ਨੇ ਮੇਰੇ ਲਈ ਆਪਣੀ ਜਾਨ ਗੁਆਈ ਹੈ ਉਹ ਉਸ ਨੂੰ ਲੱਭ ਲਵੇਗਾ।**

ਰੋਮੀਆਂ 8:35-37 ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅੱਡ ਕਰੇਗਾ? ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰ ਯਾ ਕਾਲ ਯਾ ਨੰਗ ਯਾ ਭੌਜਲ ਯਾ ਤਲਵਾਰ? (36) ਜਿਵੇਂ ਲਿਖਿਆ ਹੋਇਆ ਹੈ - **ਅਸੀਂ ਤੇਰੇ ਲਈ** ਦਿਨ ਭਰ ਜਾਨੋਂ ਮਾਰੇ ਜਾਂਦੇ ਹਾਂ, ਅਸੀਂ ਕੋਹੀਆਂ ਜਾਣ ਵਾਲੀਆਂ ਭੇਡਾਂ ਦੇ ਤੁੱਲ ਗਿਣੇ ਜਾਂਦੇ ਹਾਂ। (37) ਸਗੋਂ **ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵੱਧ ਫਤਹ ਪਾਉਂਦੇ ਹਾਂ।**

2 ਕੁਰਿੰਥੀਆਂ 4:7-12 ਪਰ ਇਹ ਖ਼ਜ਼ਾਨਾ ਸਾਡੇ ਕੋਲ ਮਿੱਟੀ ਦਿਆਂ ਭਾਂਡਿਆਂ ਵਿੱਚ ਹੈ ਤਾਂ ਜੋ ਇਸ ਸਮਰੱਥਾ ਦਾ ਅੱਤ ਵੱਡਾ ਮਹਾਤਮ ਪਰਮੇਸ਼ਰ ਦੀ ਵੱਲੋਂ, ਨਾ ਸਾਡੀ ਵੱਲੋਂ, ਮਲੂਮ ਹੋਵੇ। ਅਸੀਂ ਸਭ ਪਾਸਿਓਂ ਕਸ਼ਟ ਵਿੱਚ ਹਾਂ ਪਰ ਮਿੱਧੇ ਨਹੀਂ ਗਏ, ਦੁਬਧਾ ਵਿੱਚ ਹਾਂ ਪਰ ਹੱਦੋਂ ਵਧ ਨਹੀਂ। ਸਤਾਏ ਜਾਂਦੇ ਹਾਂ ਪਰ ਇਕੱਲੇ ਨਹੀਂ ਛੱਡੇ ਜਾਂਦੇ, ਡੇਗੇ ਜਾਂਦੇ ਹਾਂ ਪਰ ਨਾਸ ਨਹੀਂ ਹੁੰਦੇ। **ਅਸੀਂ ਯਿਸੂ ਦੇ ਮਰਨ ਨੂੰ ਆਪਣੀ ਦੇਹ ਵਿੱਚ ਸਦਾ ਲਈ ਫਿਰਦੇ ਹਾਂ ਤਾਂ ਜੋ ਯਿਸੂ ਦਾ ਜੀਵਨ ਵੀ** ਸਾਡੀ ਦੇਹ ਵਿੱਚ **ਪਰਗਟ ਹੋਵੇ**। ਕਿਉਂਕਿ ਅਸੀਂ ਜੋ ਜੀਉਂਦੇ ਹਾਂ ਸੋ **ਨਿੱਤ ਯਿਸੂ ਦੇ ਨਮਿੱਤ ਮੌਤ ਦੇ ਹੱਥ ਫੜਵਾਏ ਜਾਂਦੇ ਹਾਂ** ਭਈ **ਯਿਸੂ ਦਾ ਜੀਵਨ ਭੀ** ਸਾਡੇ ਮਰਨਹਾਰ ਸਰੀਰ ਵਿੱਚ **ਪਰਗਟ ਹੋਵੇ**। **ਸੋ ਮੌਤ ਤਾਂ ਸਾਡੇ ਵਿੱਚ ਪਰ ਜੀਵਨ ਤੁਹਾਡੇ ਵਿੱਚ ਪੋਹੰਦਾ ਹੈ**।

ਉੱਪਰ ਦਿੱਤੀਆਂ ਗਈਆਂ ਆਇਤਾਂ ਫਿਰ ਤੋਂ ਦੂਸਰਿਆਂ ਦੀ ਸੇਵਾ ਕਰਨ ਲਈ **ਸਲੀਬ ਦੇ ਦੋਵਾਂ ਪਹਿਲੂਆਂ** ਦੀ ਜ਼ਰੂਰਤ ਉੱਤੇ ਜ਼ੋਰ ਦਿੰਦੀਆਂ ਹਨ।

### ਸਾਡੇ ਲਈ ਮੌਤ ਵਾਲੇ ਪਹਿਲੂ ਨੂੰ ਅਨੁਭਵ ਕਰਨਾ ਜ਼ਰੂਰੀ ਹੈ, ਇਸ ਤੋਂ ਪਹਿਲਾਂ ਕਿ ਅਸੀਂ ਜੀ ਉੱਠਣ ਵਾਲੇ ਪਹਿਲੂ ਨੂੰ ਅਨੁਭਵ ਕਰੀਏ।

ਫਿਲਿੱਪੀਆਂ 3:10-11 ਤਾਂ ਜੋ ਮੈਂ ਉਹ ਨੂੰ ਅਤੇ ਉਹ ਦੇ ਜੀ ਉੱਠਣ ਦੀ ਸ਼ਕਤੀ ਨੂੰ ਅਤੇ **ਉਹ ਦਿਆਂ ਦੁੱਖਾਂ ਦੀ ਸਾਂਝ** ਨੂੰ ਜਾਣ ਲਵਾਂ ਅਤੇ **ਉਹ ਦੀ ਮੌਤ ਦੇ ਸਰੂਪ ਨਾਲ ਮਿਲ ਜਾਵਾਂ**। (11) ਭਈ ਮੈਂ **ਕਿਵੇਂ ਨਾ ਕਿਵੇਂ** ਮੁਰਦਿਆਂ ਵਿੱਚੋਂ **ਜੀ ਉੱਠਣ** ਦੀ ਪਦਵੀ ਤੀਕ ਅੱਪੜ ਪਵਾਂ।

- ਇਹ ਆਇਤ ਸਪਸ਼ਟ ਰੂਪ ਵਿੱਚ ਸਲੀਬ ਦੇ ਦੋਵਾਂ ਪਹਿਲੂਆਂ ਨੂੰ ਪਰਗਟ ਕਰਦੀ ਹੈ ਅਤੇ ਇਹ ਵੀ ਪਰਗਟ ਕਰਦੀ ਹੈ ਕਿਸ ਪਹਿਲੂ ਦਾ ਅਨੁਭਵ ਪਹਿਲਾਂ ਕਰਨਾ ਹੈ ਅਤੇ ਕਿਸ ਦਾ ਬਾਅਦ ਵਿੱਚ।

ਅਸੀਂ ਦੂਸਰਿਆਂ ਦੇ ਵੇਖਣ ਅਤੇ ਉਸ ਬਾਰੇ ਸਿੱਖਣ ਲਈ ਯਿਸੂ ਦੇ ਪ੍ਰੇਮ ਅਤੇ ਦੁੱਖ ਭੋਗਣ ਦੀ ਜੀਉਂਦੀ ਉਦਾਹਰਣ ਬਣਦੇ ਹਾਂ।

- 1 ਕੁਰਿੰਥੀਆਂ 13:1-8 . . ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ ... ਸਭ ਕੁਝ ਝੱਲ ਲੈਂਦਾ ... ਸਭ ਕੁਝ ਸਹਿ ਲੈਂਦਾ ... ਪ੍ਰੇਮ ਕਦੇ ਟਲਦਾ ਨਹੀਂ”।

ਯੂਹੰਨਾ 15:2 ਹਰੇਕ ਟਹਿਣੀ ਜਿਹੜੀ ਮੇਰੇ ਵਿੱਚ ਹੈ ਅਰ ਫਲ ਨਹੀਂ ਦਿੰਦੀ **ਉਹ** ਉਸ ਨੂੰ **ਲਾਹ ਸੁੱਟਦਾ** ਹੈ ਅਤੇ ਹਰੇਕ ਜੋ ਫਲ ਦਿੰਦੀ ਹੈ ਉਹ ਉਸ ਨੂੰ **ਛਾਂਗਦਾ ਹੈ** ਤਾਂ ਜੋ **ਹੋਰ ਵੀ ਫਲ** ਦੇਵੇ। (8) **ਮੇਰੇ ਪਿਤਾ ਦੀ ਵਡਿਆਈ ਇਸੇ ਤੋਂ ਹੁੰਦੀ ਹੈ** ਜੋ **ਤੁਸੀਂ ਬਹੁਤਾ ਫਲ ਦਿਓ** ਅਰ **ਇਉਂ ਤੁਸੀਂ ਮੇਰੇ ਚੇਲੇ ਹੋਵੋਗੇ**।

ਮੱਤੀ 10:16-25 ਵੇਖੋ ਮੈਂ ਤੁਹਾਨੂੰ ਭੇਡਾਂ ਵਾਂਙੁ ਬਘਿਆੜਾਂ ਵਿੱਚ ਭੇਜਦਾ ਹਾਂ ਸੋ ਤੁਸੀਂ ਸੱਪਾਂ ਵਰਗੇ ਹੁਸ਼ਿਆਰ ਅਤੇ ਕਬੂਤਰਾਂ ਵਰਗੇ ਭੋਲੇ ਹੋਵੋ। (17) ਪਰ ਮਨੁੱਖਾਂ ਤੋਂ ਚੌਕਸ ਰਹੋ ਕਿਉਂ ਜੋ ਓਹ ਤੁਹਾਨੂੰ ਮਜਲਿਸਾਂ ਦੇ ਹਵਾਲੇ ਕਰਨਗੇ ਅਤੇ ਆਪਣੀਆਂ **ਸਮਾਜਾਂ ਵਿੱਚ ਤੁਹਾਨੂੰ ਕੋਰੜੇ ਮਾਰਨਗੇ**। (18) ਅਤੇ ਤੁਸੀਂ ਮੇਰੇ ਕਾਰਨ ਹਾਕਮਾਂ ਅਤੇ ਰਾਜਿਆਂ ਦੇ ਅੱਗੇ ਹਾਜਰ ਕੀਤੇ ਜਾਓਗੇ ਜੋ ਉਨ੍ਹਾਂ ਉੱਤੇ ਅਰ ਪਰਾਈਆਂ ਕੌਮਾਂ ਉੱਤੇ ਸਾਖੀ ਹੋਵੇ। (19) ਪਰ ਜਦ ਓਹ ਤੁਹਾਨੂੰ ਫੜਵਾਉਣ ਤਾਂ ਚਿੰਤਾ ਨਾ ਕਰੋ ਜੋ ਅਸੀਂ ਕਿੱਕੁਰ ਯਾ ਕੀ ਬੋਲੀਏ, ਕਿਉਂਕਿ ਜਿਹੜੀ ਗੱਲ ਤੁਸਾਂ ਬੋਲਣੀ ਹੈ ਉਹ ਤੁਹਾਨੂੰ ਉਸੇ ਘੜੀ ਬਖ਼ਸ਼ੀ ਜਾਵੇਗੀ। (20) ਬੋਲਣ ਵਾਲੇ ਤੁਸੀਂ ਤਾਂ ਨਹੀਂ ਪਰ ਤੁਹਾਡੇ ਪਿਤਾ ਦਾ ਆਤਮਾ ਜਿਹੜਾ ਤੁਹਾਡੇ ਵਿੱਚ ਬੋਲਦਾ ਹੈ।

(21) ਅਰ ਭਾਈ ਭਾਈ ਨੂੰ ਅਤੇ ਪਿਉ ਪੁੱਤਰ ਨੂੰ ਮੌਤ ਲਈ **ਫੜਵਾਏਗਾ** ਅਤੇ ਬਾਲਕ ਆਪਣੇ ਮਾਪਿਆਂ ਦੇ ਵਿਰੁੱਧ ਉੱਠ ਖੜੇ ਹੋਣਗੇ ਅਤੇ ਉਨ੍ਹਾਂ ਨੂੰ ਮਰਵਾ ਸੁੱਟਣਗੇ। (22) ਅਤੇ ਮੇਰੇ ਨਾਮ ਕਰਕੇ ਸਭ ਲੋਕ **ਤੁਹਾਡੇ ਨਾਲ ਵੈਰ ਰੱਖਣਗੇ** ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ। (23) ਪਰ ਜਦ ਲੋਕ **ਤੁਹਾਨੂੰ** ਇੱਕ ਨਗਰ ਵਿੱਚ **ਸਤਾਉਣ** ਤਦ ਦੂਏ ਨੂੰ ਭੱਜ ਜਾਓ ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਤੁਸੀਂ ਇਸਰਾਏਲ ਦਿਆਂ ਸਾਰਿਆਂ ਨਗਰਾਂ ਵਿੱਚ ਨਾ ਫਿਰ ਨਾ ਲਵੋਗੇ ਕਿ ਮਨੁੱਖ ਦਾ ਪੁੱਤਰ ਆ ਜਾਵੇ। (24) ਚੇਲਾ ਗੁਰੂ ਨਾਲੋਂ ਵੱਡਾ ਨਹੀਂ, ਨਾ ਚਾਕਰ ਆਪਣੇ ਮਾਲਕ ਨਾਲੋਂ। (25) ਐੱਨਾ ਬਹੁਤ ਹੈ ਜੋ ਚੇਲਾ ਆਪਣੇ ਗੁਰੂ ਜਿਹਾ ਅਤੇ ਚਾਕਰ ਆਪਣੇ ਮਾਲਕ ਜਿਹਾ ਹੋਵੇ। ਜਾਂ ਉਨ੍ਹਾਂ ਘਰ ਦੇ ਮਾਲਕ ਨੂੰ ਬਆਲਜ਼ਬੂਲ ਆਖਿਆ ਤਾਂ ਕਿੰਨਾ ਵਧੀਕ ਉਹ ਦੇ ਘਰ ਦਿਆਂ ਨੂੰ ਨਾ ਆਖਣਗੇ?

- ❖ ਅਮਰੀਕਾ ਦੇ ਲੋਕਾਂ ਲਈ ਇਹ ਸਿੱਖਣਾ ਬਹੁਤ ਮੁਸ਼ਕਿਲ ਹੈ ਕਿ ਉਹ ਆਪਣੇ ਆਪ ਲਈ ਅਤੇ ਸੰਸਾਰ ਦੇ ਅਨੰਦ ਲਈ ਮਰਨ।

- ❖ ਇੱਕ ਖਪਤਕਾਰ ਦੁਆਰਾ ਚਲਾਏ ਜਾਣ ਵਾਲੇ ਸਭਿਆਚਾਰ ਦਾ ਨਤੀਜਾ ਹਰ ਚਾਹਤ ਨੂੰ ਪੂਰਾ ਕਰਨ ਅਤੇ ਦੁੱਖਾਂ ਤੋਂ ਬਚਣ ਦੀ ਮਜ਼ਬੂਤ ਇੱਛਾ ਦੇ ਰੂਪ ਵਿੱਚ ਹੁੰਦਾ ਹੈ।

- ❖ ਇਹ ਹੁਣ ਸਿਹਤ, ਦੌਲਤ ਅਤੇ ਖੁਸ਼ਹਾਲੀ ਦੇ ਧਰਮ ਵਿਗਿਆਨ ਤੱਕ ਅੱਗੇ ਵਧਿਆ ਹੈ, ਜਿਸ ਵਿਚ ਕੋਈ ਦੁੱਖ ਨਹੀਂ ਹੈ।

ਫਿਲਿੱਪੀਆਂ 1:29 ਕਿਉਂ ਜੋ ਮਸੀਹ ਦੇ ਲਈ **ਤੁਹਾਡੇ ਉੱਤੇ** ਇਹ ਕਿਰਪਾ ਹੋਈ ਭਈ ਤੁਸੀਂ ਨਾ ਕੇਵਲ ਉਸ ਉੱਤੇ ਨਿਹਚਾ ਹੀ ਕਰੋ ਸਗੋਂ **ਉਹ ਦੇ ਲਈ ਦੁੱਖ ਵੀ ਝੱਲੋ**

2 ਤਿਮੋਥਿਉਸ 1:8 ਇਸ ਲਈ ਤੂੰ ਸਾਡੇ ਪ੍ਰਭੂ ਦੀ ਸਾਖੀ ਤੋਂ ਨਾ ਸ਼ਰਮਾਵੀਂ, ਨਾ ਮੈਥੋਂ ਜੋ ਉਹ ਦਾ ਬੰਧੂਆ ਹਾਂ ਸਗੋਂ ਪਰਮੇਸ਼ਰ ਦੀ ਸਮਰੱਥਾ ਦੇ ਅਨੁਸਾਰ **ਖੁਸ਼ ਖਬਰੀ ਲਈ ਦੁੱਖਾਂ** ਵਿੱਚ ਮੇਰੇ ਨਾਲ ਸਾਂਝੀ ਹੋਵੀਂ।

2 ਕੁਰਿੰਥੀਆਂ 1:3-5 ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ਰ ਅਤੇ ਪਿਤਾ ਜਿਹੜਾ ਦਿਆਲਗੀਆਂ ਦਾ ਪਿਤਾ ਅਤੇ ਸਰਬ ਦਿਲਾਸੇ ਦਾ ਪਰਮੇਸ਼ਰ ਹੈ। **ਜੋ ਸਾਡੀਆਂ ਸਾਰੀਆਂ ਬਿਪਤਾਂ ਵਿੱਚ ਸਾਨੂੰ ਦਿਲਾਸਾ ਦਿੰਦਾ ਹੈ** ਭਈ ਅਸੀਂ ਉਸੇ ਦਿਲਾਸੇ ਤੋਂ ਜਿਹ ਨੂੰ ਅਸਾਂ ਪਰਮੇਸ਼ਰ ਵੱਲੋਂ ਪਾਇਆ ਹੈ ਓਹਨਾਂ ਨੂੰ ਹਰ ਬਿਪਤਾ ਵਿੱਚ ਦਿਲਾਸਾ ਦੇਣ ਜੋਗੇ ਹੋਈਏ। ਕਿਉਂਕਿ ਜਿਵੇਂ ਮਸੀਹ ਦੇ **ਦੁਖ** ਸਾਡੇ ਲਈ **ਬਾਹਲੇ ਹਨ** ਤਿਵੇਂ ਸਾਡਾ ਦਿਲਾਸਾ ਵੀ ਮਸੀਹ ਦੇ ਰਾਹੀਂ ਬਾਹਲਾ ਹੈ।

- ਪਵਿੱਤਰ ਆਤਮਾ ਜੋ ਦਿਲਾਸਾ ਦੇਣ ਵਾਲਾ ਹੈ ਉਹ ਹਰ ਹਾਲਾਤ ਵਿੱਚ ਸਾਨੂੰ ਦਿਲਾਸਾ ਦੇਣ ਲਈ ਸਾਡੇ ਨਾਲ ਹੈ। ਪਰ ਅਸੀਂ ਕਈ ਵਾਰ ਉਸ ਦੇ ਦਿਲਾਸੇ ਅਤੇ ਉਸ ਦੇ ਸ਼ਬਦਾਂ ਨੂੰ ਰੱਦ ਕਰ ਦਿੰਦੇ ਹਾਂ ਅਤੇ ਕੇਵਲ ਨਕਾਰਾਤਮਕ ਪਹਿਲੂ ਵੱਲ ਵੇਖਣ ਦੀ ਚੋਣ ਕਰਦੇ ਹਾ ਅਤੇ ਕੜਵਾਹਟ ਨੂੰ ਸਾਡੇ ਮਨ ਵਿੱਚ ਜ਼ਹਿਰ ਭਰਨ ਦਿੰਦੇ

ਹਾਂ।

- ਜਦੋਂ ਅਸੀਂ ਲੋਕਾਂ ਨਾਲ ਮਿਲਦੇ ਹਾਂ ਤਾਂ ਸਾਨੂੰ ਚੌਕਸ ਰਹਿਣਾ ਚਾਹੀਦਾ ਹੈ। ਜੇਕਰ ਜੋ ਅਸੀਂ ਉਨ੍ਹਾਂ ਨੂੰ ਦਿੰਦੇ ਹਾਂ ਉਹ ਕੇਵਲ ਸਾਡਾ ਦਿਮਾਗੀ ਗਿਆਨ ਹੈ ਅਤੇ ਉਹ ਅਨੁਭਵ ਸਹਿਤ ਪਰਮੇਸ਼ੁਰ ਦਾ ਦਿਲਾਸਾ ਨਹੀਂ ਹੈ, ਤਾਂ ਅਸੀਂ ਉਨ੍ਹਾਂ ਦੀ ਕੜਵਾਹਟ ਨੂੰ ਵਧਾਉਂਦੇ ਹਾਂ।

## 6. ਸਾਡੀ ਰੱਖਿਆ ਕਰਨ ਲਈ ਅਤੇ/ਜਾਂ ਸਾਡੀ ਅਗਵਾਈ ਕਰਨ ਲਈ

ਕਈ ਵਾਰ ਪਰਮੇਸ਼ੁਰ ਸਮੱਸਿਆਵਾਂ ਦਾ ਇਸਤੇਮਾਲ ਸਾਡੀ **ਅਗਵਾਈ ਕਰਨ** ਜਾਂ ਸਾਨੂੰ **ਨਿਰਦੇਸ਼** ਦੇਣ ਲਈ ਕਰਦਾ ਹੈ।

ਕਈ ਵਾਰ ਉਹ ਸਾਡੇ ਹੇਠਾਂ ਅੱਗ ਬਾਲਦਾ ਹੈ, ਤਾਂ ਕਿ ਅਸੀਂ ਚੱਲਦੇ ਰਹੀਏ ਅਤੇ ਫਿਰ ਕੁਝ ਬੂਹਿਆਂ ਨੂੰ ਖੋਲ੍ਹਦਾ ਹੈ ਅਤੇ ਬਾਕੀਆਂ ਨੂੰ ਬੰਦ ਕਰ ਦਿੰਦਾ ਹੈ।

- ਮੂਸਾ ਜਾਣਦਾ ਸੀ ਕਿ ਉਸ ਨੇ ਆਪਣੇ ਲੋਕਾਂ ਦਾ ਆਗੂ ਬਣਨਾ ਹੈ। ਉਸ ਨੇ **ਆਪਣੇ ਸਮੇਂ** ਨਾਲ ਅਤੇ **ਆਪਣੇ ਢੰਗ** ਨਾਲ ਅਧਿਕਾਰ ਨੂੰ ਲਿਆ ਅਤੇ ਉਸ ਨੂੰ ਇੱਕ ਬੰਦ ਬੂਹਾ ਮਿਲਿਆ (ਕੂਚ 2:14-15)। ਉਸ ਨੇ ਪੂਰੀ ਤਰ੍ਹਾਂ ਹਾਰ ਮੰਨ ਲਈ ਅਤੇ ਉਜਾੜ ਵਿੱਚ ਭੱਜ ਗਿਆ। ਇੱਕ "ਅੱਗ," ਇੱਕ "ਬਲਦੀ ਹੋਈ ਝਾੜੀ" (ਕੂਚ 3) ਨੇ ਮੂਸਾ ਨੂੰ ਉਸ ਦੇ ਜੀਵਨ ਅਤੇ ਸੇਵਕਾਈ ਲਈ ਪਰਮੇਸ਼ੁਰ ਦੀ ਯੋਜਨਾ ਵਿੱਚ ਲਿਆਂਦਾ।

ਸਮੱਸਿਆਵਾਂ ਅਕਸਰ ਸਾਨੂੰ ਨਵੀਂ ਦਿਸ਼ਾ ਵਿਖਾਉਂਦੀਆਂ ਹਨ ਅਤੇ ਸਾਨੂੰ ਉਤਸ਼ਾਹਿਤ ਕਰਦੀਆਂ ਹਨ ਕਿ ਅਸੀਂ ਬਦਲੀਏ।

ਸਾਡੇ ਸਾਰਿਆਂ ਲਈ ਪਰਮੇਸ਼ੁਰ ਦੇ ਕੋਲ ਇੱਕ ਮਕਸਦ, ਇੱਕ ਯੋਜਨਾ ਅਤੇ ਇੱਕ ਸੇਵਕਾਈ ਹੈ।

> 2 ਤਿਮੋਥਿਉਸ 1:9 ਜਿਸ **ਸਾਨੂੰ ਬਚਾਇਆ** ਅਤੇ ਪਵਿੱਤਰ ਸੱਦੇ ਨਾਲ **ਸੱਦਿਆ**, ਸਾਡੀਆਂ ਕਰਨੀਆਂ ਦੇ ਅਨੁਸਾਰ ਨਹੀਂ ਸਗੋਂ **ਆਪਣੀ ਮਨਸ਼ਾ ਦੇ** ਅਤੇ **ਉਸ ਕਿਰਪਾ ਦੇ ਅਨੁਸਾਰ** ਜਿਹੜੀ ਮਸੀਹ ਯਿਸੂ ਵਿੱਚ ਸਨਾਤਨ ਸਮਿਆਂ ਤੋਂ ਸਾਡੇ ਉੱਤੇ ਕੀਤੀ ਗਈ।

ਸਾਡੇ ਜੀਵਨ ਲਈ ਉਸ ਦੇ ਮਕਸਦ ਨੂੰ ਲੱਭਣ, ਪਾਉਣ ਅਤੇ ਉਸ ਮਕਸਦ ਵਿੱਚ ਚੱਲਣ ਲਈ, ਇਸ ਨਾਲ ਸ਼ੁਰੂ ਕਰੋ:

**ਪਹਿਲਾ:** ਇਹ **ਉਸ ਦੇ ਵਚਨ ਦੇ ਵਿੱਚ ਪਰਗਟ ਕੀਤਾ ਗਿਆ ਹੈ** ਅਤੇ ਵੱਖ-ਵੱਖ ਢੰਗਾ ਨਾਲ ਬਿਆਨ ਕੀਤਾ ਗਿਆ ਹੈ:

> ਮੀਕਾਹ 6:8 ਹੇ ਆਦਮੀ, ਉਹ ਨੇ ਤੈਨੂੰ ਦੱਸਿਆ ਕਿ ਭਲਾ ਕੀ ਹੈ, ਅਤੇ ਯਹੋਵਾਹ ਤੈਥੋਂ ਹੋਰ ਕੀ ਮੰਗਦਾ ਪਰ ਏਹ ਕਿ ਤੂੰ **ਇਨਸਾਫ਼ ਕਰ, ਦਯਾ** ਨਾਲ ਪ੍ਰੇਮ ਰੱਖ, ਅਤੇ **ਅਧੀਨ ਹੋ ਕੇ** ਆਪਣੇ ਪਰਮੇਸ਼ਰ ਨਾਲ **ਚੱਲ**?

**ਦੂਸਰਾ:** ਇੱਕ ਗਹਿਰਾ ਸਮਰਪਣ:

> ਰੋਮੀਆਂ 12:1 ਸੋ ਹੇ ਭਰਾਵੋ, ਮੈਂ ਪਰਮੇਸ਼ਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ **ਆਪਣੀਆਂ ਦੇਹੀਆਂ ਨੂੰ ਜੀਉਂਦਾ ਅਤੇ ਪਵਿੱਤਰ** ਅਤੇ ਪਰਮੇਸ਼ਰ ਨੂੰ ਭਾਉਂਦਾ ਬਲੀਦਾਨ ਕਰਕੇ **ਚੜ੍ਹਾਵੋ**, ਇਹ ਤੁਹਾਡੀ ਰੂਹਾਨੀ ਬੰਦਗੀ ਹੈ।

> ਸ਼ਬਦ "ਬਲੀਦਾਨ' ਇਕ ਮਨ ਭਾਉਂਦੇ ਅਤੇ ਅਸਾਨ ਜੀਵਨ ਵੱਲ ਇਸ਼ਾਰਾ ਨਹੀਂ ਕਰਦਾ। ਇਸ ਲਈ ਤੁਹਾਨੂੰ ਆਪਣੇ ਜੀਵਨ ਅਤੇ ਆਪਣੀ ਇੱਛਾ ਨੂੰ ਛੱਡਣ ਦੀ ਲੋੜ ਹੈ। ਆਪਣੀ ਸਲੀਬ ਉੱਠਾਉਣ ਦੀ ਲੋੜ ਹੈ। ਉਸ ਦੀ ਆਗਿਆਕਾਰੀ ਕਰਨ ਦੀ ਲੋੜ ਹੈ। ਦੂਸਰਿਆਂ ਲਈ ਜੀਉਣ ਦੀ ਲੋੜ ਹੈ . . . ਆਪਣੇ ਲਈ ਨਹੀਂ।

ਆਪਣੇ ਜੀਵਨ ਲਈ ਉਸ ਦੇ ਮਕਸਦ ਦਾ ਵਿਰੋਧ ਕਰਨਾ ਜਾਂ ਇਸ ਨੂੰ ਛੱਡਣਾ ਸੰਭਵ ਹੈ। ਖਾਸ ਕਰਕੇ ਆਪਣੀਆਂ ਖੁਦ ਦੀਆਂ ਇੱਛਾਵਾਂ ਲਈ ਉਸ ਦੀਆਂ ਇੱਛਾਵਾਂ ਅਤੇ ਉਸ ਦੇ ਵਚਨ ਦਾ ਇਨਕਾਰ ਕਰਕੇ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ।

ਲੂਕਾ 7:30 ਪਰ ਫ਼ਰੀਸੀਆਂ ਅਤੇ ਸ਼ਰ੍ਹਾ ਦੇ ਸਿਖਲਾਉਣ ਵਾਲਿਆਂ ਨੇ ਉਸ ਕੋਲੋਂ ਬਪਤਿਸਮਾ ਨਾ ਲੈ ਕੇ ਆਪਣੇ ਲਈ **ਪਰਮੇਸ਼ਰ ਦੀ ਜੁਗਤ ਨੂੰ ਟਾਲ ਦਿੱਤਾ**।

- **ਯੋਨਾਹ** ਨੇ ਪਰਮੇਸ਼ੁਰ ਦੀ ਇੱਛਾ ਅਤੇ ਉਸ ਦੇ ਵਚਨ ਦਾ ਇਨਕਾਰ ਕੀਤਾ ਅਤੇ ਤੁਸੀਂ ਜਾਣਦੇ ਹੋ ਕਿ ਇਸ ਦਾ ਨਤੀਜਾ ਕੀ ਹੋਇਆ। ਉਹ ਆਪਣੇ ਢੰਗ ਨਾਲ ਕੰਮ ਕਰਦਾ ਹੈ। ਉਸ ਦੀ ਇੱਛਾ ਦਾ ਵਿਰੋਧ ਕਰਨਾ ਸਾਡੇ ਜੀਵਨ ਵਿੱਚ "ਵੇਲ ਮੱਛੀ" ਜਿੰਨੀਆਂ ਵੱਡੀਆਂ ਸਮੱਸਿਆਵਾਂ ਲੈ ਕੇ ਆਉਂਦਾ ਹੈ।

> ਰੋਮੀਆਂ 9:19 . . . ਉਹ ਦੀ ਮਨਸ਼ਾ ਦਾ ਕਿਨ ਸਾਹਮਣਾ ਕੀਤਾ?

ਹੋਰ ਉਦਾਹਰਣ:

- **ਪੌਲੁਸ ਅਤੇ ਸੀਲਾਸ** ਕੈਦ ਵਿੱਚ ਸਨ ਅਤੇ ਦਰੋਗਾ ਮਸੀਹੀ ਬਣ ਗਿਆ। ਰਸੂਲਾਂ ਦੇ ਕਰਤੱਬ 16:22-34

ਜਦੋਂ ਸਾਨੂੰ ਸਤਾਇਆ ਜਾਂਦਾ ਹੈ ਤਾਂ ਕੇਵਲ ਅਸੀਂ ਹੀ ਦੁੱਖ ਨਹੀਂ ਭੋਗਦੇ, ਸਗੋਂ ਯਿਸੂ ਦੁੱਖ ਭੋਗਦਾ ਹੈ।

- ਰਸੂਲਾਂ ਦੇ ਕਰਤੱਬ 9:5 ਉਹ ਨੇ ਆਖਿਆ, ਪ੍ਰਭੂ ਜੀ, ਤੂੰ ਕੌਣ ਹੈਂ? ਉਸ ਨੇ ਕਿਹਾ, ਮੈਂ ਯਿਸੂ ਹਾਂ ਜਿਹ ਨੂੰ **ਤੂੰ ਸਤਾਉਂਦਾ ਹੈਂ**।

ਪਰਮੇਸ਼ੁਰ ਸਮੱਸਿਆਵਾਂ ਦਾ ਇਸਤੇਮਾਲ ਤੁਹਾਡੀ **ਰੱਖਿਆ** ਕਰਨ ਲਈ ਕਰਦਾ ਹੈ। ਇੱਕ ਸਮੱਸਿਆ **ਇੱਕ ਬਰਕਤ ਹੋ ਸਕਦੀ ਹੈ** ਜੇ ਇਹ ਤੁਹਾਨੰ ਕਿਸੇ ਹੋਰ ਗਭੀਰ ਚੀਜ਼ ਤੋਂ ਨੁਕਸਾਨ ਉਠਾਉਣ ਤੋਂ ਰੋਕਦੀ ਹੈ।

- **ਯੂਸੁਫ਼** ਦੀਆ ਆਪਣੇ ਭਰਾਵਾਂ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਸਨ। ਉਹ ਉਸ ਨੂੰ ਮਾਰਨਾ ਚਾਹੁੰਦੇ ਸਨ, ਪਰ ਪਰਮੇਸ਼ੁਰ ਨੇ ਉਸ ਦੀ ਜਾਨ ਬਚਾਉਣ ਲਈ ਉਸ ਦੇ ਵੱਡੇ ਭਰਾ ਦੇ ਮਨ ਵਿੱਚ ਪਾਇਆ ਕਿ ਉਹ ਉਸ ਨੂੰ ਗੁਲਾਮ ਹੋਣ ਲਈ ਵੇਚ ਦੇਣ। ਪਰਮੇਸ਼ੁਰ ਨੇ ਉਸ ਨੂੰ **ਬਚਾਇਆ**।

- ਬਾਅਦ ਵਿੱਚ ਯੂਸੁਫ਼ ਉੱਤੇ ਝੂਠਾ ਦੋਸ਼ ਲਾ ਕੇ ਉਸ ਨੂੰ ਕੈਦ ਵਿੱਚ ਪਾ ਦਿੱਤਾ ਗਿਆ, ਇਹ ਇਸ ਲਈ ਹੋਇਆ ਕਿ ਉਸ ਨੂੰ ਸਹੀ ਸਮੇਂ 'ਤੇ ਕੌਮ ਨੂੰ ਬਚਾਉਣ ਲਈ ਸਹੀ ਸਥਾਨ (ਮਿਸਰ) 'ਤੇ ਲਿਆਂਦਾ ਜਾਵੇ (ਉਤਪਤ 37-48)। ਸਮੱਸਿਆਵਾਂ ਨੇ ਉਸ ਦੀ **ਅਗਵਾਈ ਕੀਤੀ**।

## 7. ਕੁਝ ਦੁੱਖ ਭੋਗਣਾ ਪਰਮੇਸ਼ੁਰ ਦੁਆਰਾ ਅਨੁਸ਼ਾਸਿਤ ਕੀਤੇ ਜਾਣ ਦਾ ਨਤੀਜਾ ਹੁੰਦਾ ਹੈ।

ਪਰਮੇਸ਼ੁਰ ਸਮੱਸਿਆਵਾਂ ਦਾ ਇਸਤੇਮਾਲ ਸਾਨੂੰ **ਸੁਧਾਰਨ** ਲਈ ਕਰਦਾ ਹੈ। ਕੁਝ ਸਬਕ ਅਸੀਂ ਅਸਫਲਤਾ ਅਤੇ ਤਕਲੀਫ਼ ਦੇ ਦੁਆਰਾ ਹੀ ਸਿੱਖਦੇ ਹਾਂ। ਅਸੀਂ ਆਪਣੇ ਬੱਚਿਆਂ ਨੂੰ ਦੱਸਦੇ ਹਾਂ ਕਿ ਉਹ ਗਰਮ ਚੁੱਲੇ ਨੂੰ ਹੱਥ ਨਾ ਲਾਉਣ। ਪਰ ਲੱਗਭਗ ਸਾਰੇ ਬੱਚੇ ਇਹ ਆਪਣਾ ਹੱਥ ਜਲਾਉਣ ਤੋਂ ਬਾਅਦ ਹੀ ਸਿੱਖਦੇ ਹਨ।

ਕਈ ਵਾਰ ਅਸੀਂ ਕਈ ਚੀਜ਼ਾਂ ਦੀ ਕੀਮਤ ਉਨ੍ਹਾਂ ਨੂੰ ਗੁਆਉਣ ਤੋਂ ਬਾਅਦ ਹੀ ਸਮਝਦੇ ਹਾਂ, ਜਿਵੇਂ ਕਿ ਸਿਹਤ, ਪੈਸਾ, ਰਿਸ਼ਤੇ। ਦਾਊਦ ਨੇ ਆਖਿਆ: ਮੇਰੇ ਲਈ ਭਲਾ ਹੈ ਕਿ ਮੈਂ ਦੁਖੀ ਹੋਇਆ, ਤਾਂ ਜੋ ਮੈਂ ਤੇਰੀਆਂ ਬਿਧੀਆਂ ਨੂੰ ਸਿੱਖਾਂ। (ਜ਼ਬੂਰ 119:71-72) ਅਤੇ ਦਾਊਦ ਇੱਕ ਖਰਾ ਮਨੁੱਖ ਸੀ।

ਇਬਰਾਨੀਆਂ 12:4-11 ਤੁਸਾਂ **ਪਾਪ ਨਾਲ ਲੜਦੇ ਹੋਏ** ਅਜੇ ਲਹੂ ਦੇ ਵਹਾਏ ਜਾਣ ਤੀਕੁਰ ਸਾਹਮਣਾ ਨਹੀਂ ਕੀਤਾ। (5) ਅਤੇ ਤੁਸੀਂ ਉਸ ਉਪਦੇਸ਼ ਨੂੰ ਭੁੱਲ ਗਏ ਹੋ ਜਿਸ ਤੋਂ ਤੁਹਾਨੂੰ ਪੁੱਤਰਾਂ ਵਾਂਙੁ ਸਮਝਾਈਦਾ ਹੈ,-ਹੇ ਮੇਰੇ ਪੁੱਤਰ, ਤੂੰ ਪ੍ਰਭੂ ਦੀ **ਤਾੜ** ਨੂੰ ਤੁੱਛ ਨਾ ਜਾਣ, ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ, (6) ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ, ਪ੍ਰਭੂ ਉਹ ਨੂੰ **ਤਾੜਦਾ ਹੈ**, ਅਤੇ ਹਰੇਕ ਪੁੱਤਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ, ਉਹ **ਕੋਰੜੇ ਮਾਰਦਾ ਹੈ**। (7) ਤੁਸੀਂ **ਸਹਾਰਾ** ਜੋ ਕਰਦੇ ਹੋ ਇਹ **ਤਾੜੇ** ਜਾਣ ਦੇ ਨਮਿੱਤ ਹੈ। ਪਰਮੇਸ਼ਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤਰਾਂ ਨਾਲ, ਕਿਉਂ ਜੋ ਉਹ ਕਿਹੜਾ ਪੁੱਤਰ ਹੈ ਜਿਹ ਨੂੰ ਪਿਉ ਨਹੀਂ **ਤਾੜਦਾ**? (8) ਪਰ ਜੇ ਤੁਸੀਂ ਉਸ **ਤਾੜਨਾ** ਬਿਨਾ ਰਹੇ ਜਿਹ ਦੇ ਵਿੱਚ ਸੱਭੋ ਸਾਂਝੀ ਹੋਏ ਹਨ ਤਾਂ ਤੁਸੀਂ ਪੁੱਤਰ ਨਹੀਂ ਸਗੋਂ ਹਰਾਮ ਦੇ ਹੋ! (9) ਫੇਰ ਸਾਡੇ ਸਰੀਰਕ ਪਿਉ ਸਨ ਜਿਹੜੇ **ਤਾੜਨਾ** ਕਰਦੇ ਸਨ ਅਤੇ ਅਸਾਂ ਓਹਨਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ? (10) ਓਹ ਤਾਂ ਥੋੜੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ **ਤਾੜਨਾ ਕਰਦੇ ਸਨ** ਪਰ ਇਹ **ਲਾਭ** ਦੇ ਲਈ ਕਰਦਾ ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿੱਚ ਸਾਂਝੀ ਹੋਈਏ। (11) **ਸਾਰੀ ਤਾੜਨਾ** ਤਾਂ ਓਸ ਵੇਲੇ ਅਨੰਦ ਦੀ ਨਹੀਂ ਸਗੋਂ ਸੋਗ ਦੀ ਗੱਲ ਸੁੱਝਦੀ ਹੈ ਪਰ ਮਗਰੋਂ ਉਹ ਓਹਨਾਂ ਨੂੰ ਜਿਹੜੇ **ਉਹ ਦੇ ਨਾਲ ਸਿਧਾਏ ਗਏ ਹਨ** ਧਰਮ ਦਾ ਸ਼ਾਂਤੀ-ਦਾਇਕ ਫਲ ਦਿੰਦੀ ਹੈ।

ਸਾਡੇ ਹੋਰ ਫਲਦਾਇਕ ਬਣਨ ਲਈ ਸਾਡੀ ਸਹਾਇਤਾ ਕਰਨ ਲਈ ਪਰਮੇਸ਼ੁਰ ਸਾਨੂੰ ਛਾਂਗਦਾ ਹੈ।

ਯੂਹੰਨਾ 15:1-2 ਮੈਂ ਸੱਚੀ ਅੰਗੂਰ ਦੀ ਬੇਲ ਹਾਂ ਅਤੇ ਮੇਰਾ ਪਿਤਾ ਬਾਗਵਾਨ ਹੈ। ਹਰੇਕ ਟਹਿਣੀ ਜਿਹੜੀ ਮੇਰੇ ਵਿੱਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ ਹੈ ਅਤੇ ਹਰੇਕ ਜੋ ਫਲ ਦਿੰਦੀ ਹੈ **ਉਹ ਉਸ ਨੂੰ ਛਾਂਗਦਾ ਹੈ ਤਾਂ ਜੋ ਹੋਰ ਵੀ ਫਲ ਦੇਵੇ।**

ਜ਼ਬੂਰ 34:19 ਧਰਮੀ ਉੱਤੇ ਬਹੁਤ ਸਾਰੀਆਂ ਮੁਸੀਬਤਾਂ ਪੈਂਦੀਆਂ ਹਨ, ਪਰ ਯਹੋਵਾਹ ਉਨ੍ਹਾਂ ਸਭਨਾਂ ਤੋਂ ਉਸ ਨੂੰ ਛੁਡਾਉਂਦਾ ਹੈ।

ਸਾਨੂੰ ਜ਼ਰੂਰ ਇਸ ਸੱਚਾਈ ਨੂੰ ਜਾਣਨਾ ਚਾਹੀਦਾ ਹੈ: ਪਰਮੇਸ਼ੁਰ ਤੁਹਾਡੇ ਜੀਵਨ ਵਿੱਚ ਕੰਮ ਕਰ ਰਿਹਾ ਹੈ, ਇੱਥੋਂ ਤੱਕ ਕਿ ਓਦੋਂ ਵੀ ਜਦੋਂ ਤੁਸੀਂ ਇਸ ਨੂੰ ਮਹਿਸੂਸ ਨਹੀਂ ਕਰਦੇ ਜਾਂ ਇਸ ਨੂੰ ਸਮਝਦੇ ਨਹੀਂ। ਪਰ ਇਹ ਅਸਾਨ ਅਤੇ ਲਾਭਦਾਇਕ ਹੋ ਜਾਂਦਾ ਹੈ ਜਦੋਂ ਤੁਸੀਂ ਉਸ ਦਾ ਸਾਥ ਦਿੰਦੇ ਹੋ ਅਤੇ ਦੁੱਖ ਭੋਗਣ ਦੇ ਦਰਦ ਨੂੰ ਸਹਿਣ ਕਰਦੇ ਹੋ ਅਤੇ ਛੇਤੀ ਸਿੱਖਦੇ ਹੋ!

ਫਿਲਿੱਪੀਆਂ 1:6 **ਅਤੇ ਇਸ ਗੱਲ ਦੀ ਮੈਨੂੰ ਪਰਤੀਤ ਹੈ ਭਈ ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ ਯਿਸੂ ਮਸੀਹ ਦੇ ਦਿਨ ਤੋੜੀ ਉਹ ਨੂੰ ਪੂਰਿਆਂ ਕਰੇਗਾ।**

ਹੇਠਾਂ ਦਿੱਤਾ ਅਰਾਧਨਾ ਤੋਂ ਹੈ: "ਯਿਸੂ ਬੁਲਾਉਂਦਾ ਹੈ" ਕਰੋਲ ਯੰਗ ਦੁਆਰਾ। ਅਗਸਤ 18

**ਆਪਣੇ ਜੀਵਨ ਵਿੱਚ ਬਿਪਤਾ ਦੀ ਉਮੀਦ ਰੱਖੋ**, ਇਹ ਯਾਦ ਰੱਖਦੇ ਹੋਏ ਕਿ ਤੁਸੀਂ ਇੱਕ ਗਹਿਰੇ ਡਿੱਗੇ ਹੋਏ ਸੰਸਾਰ ਦੇ ਵਿੱਚ ਰਹਿੰਦੇ ਹੋ। ਉਸ ਢੰਗ ਨੂੰ ਖੋਜਣਾ ਬੰਦ ਕਰੋ ਜੋ ਸਮੱਸਿਆਵਾਂ ਨੂੰ ਹੋਰ ਵੀ ਵਿਗਾੜਦਾ ਹੈ। ਇੱਕ ਸੌਖੇ ਜੀਵਨ ਦੀ ਮੁੱਖ ਸਮੱਸਿਆ ਇਹ ਹੈ ਕਿ ਇਹ ਤੁਹਾਡੇ ਲਈ ਮੇਰੀ ਲੋੜ ਨੂੰ ਖਤਮ ਕਰ ਦਿੰਦਾ ਹੈ। ਜਦੋਂ ਤੁਸੀਂ ਇੱਕ ਮਸੀਹੀ ਬਣ ਜਾਂਦੇ ਹੋ, ਤਾਂ ਮੈਂ ਆਪਣਾ ਪੂਰਾ ਜੀਵਨ ਤੁਹਾਡੇ ਵਿੱਚ ਲਾ ਦਿੰਦਾ ਹਾਂ, ਮੇਰੇ ਉੱਤੇ ਨਿਰਭਰ ਹੋਣ ਦੇ ਦੁਆਰਾ, ਗੈਰ ਕੁਦਰਤੀ ਯੋਜਨਾ ਦੇ ਅਨੁਸਾਰ ਰਹਿਣ ਲਈ ਤੁਹਾਨੂੰ ਤਿਆਰ ਕਰਨਾ।

ਅਸੰਭਵਤਾ ਦੇ ਆਹਮੋ ਸਾਹਮਣੇ ਹੋਣ ਦਾ ਅੰਦਾਜ਼ਾ ਲਾਓ: ਹਾਲਾਤ ਤੁਹਾਡੇ ਸੰਭਾਲਣ ਦੀ ਯੋਗਤਾ ਤੋਂ ਪੂਰੀ ਤਰ੍ਹਾਂ ਬਾਹਰ ਹਨ। ਤੁਹਾਡੀ ਅਯੋਗਤਾ ਦੀ ਇਹ ਜਾਗਰੂਕਤਾ ਇਹ ਨਹੀਂ ਕਿ ਤੁਹਾਨੂੰ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਉਹ ਸਥਾਨ ਹੈ ਜਿੱਥੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਹੋਵੋ – ਇਹ ਉੱਤਮ ਸਥਾਨ ਹੈ ਜਿੱਥੇ ਤੁਸੀਂ ਮੇਰੀ ਮਹਿਮਾ ਅਤੇ ਸ਼ਕਤੀ ਵਿੱਚ ਮੇਰਾ ਸਾਹਮਣਾ ਕਰ ਸਕਦੇ ਹੋ। ਜਦੋਂ ਤੁਸੀਂ ਵੇਖਦੇ ਹੋ ਕਿ ਸਮੱਸਿਆਵਾਂ ਦੀਆਂ ਸੈਨਾਂ ਤੁਹਾਡੇ ਵੱਲ ਆ ਰਹੀਆਂ ਹਨ, ਮੈਨੂੰ ਪੁਕਾਰੋ! ਮੈਨੂੰ ਤੁਹਾਡੇ ਲਈ ਯੁੱਧ ਕਰਨ ਦਿਓ। ਮੈਨੂੰ ਤੁਹਾਡੇ ਲਈ ਕੰਮ ਕਰਦੇ ਹੋਏ ਵੇਖੋ, ਜਦੋਂ ਤੁਸੀਂ ਮੇਰੀ ਸਰਬ ਸ਼ਕਤੀਮਾਨ ਹਜ਼ੂਰੀ ਵਿੱਚ ਅਰਾਮ ਕਰਦੇ ਹੋ।

ਪਰਕਾਸ਼ ਦੀ ਪੋਥੀ 19:1 *"ਇਹ ਦੇ ਮਗਰੋਂ ਮੈਂ ਸੁਰਗ ਵਿੱਚ ਵੱਡੀ ਭੀੜ ਦੀ ਅਵਾਜ਼ ਜਿਹੀ ਏਹ ਆਖਦੇ ਸੁਣੀ,—ਹਲਲੂਯਾਹ! ਮੁਕਤੀ, ਮਹਿਮਾ ਅਤੇ ਸਮਰੱਥਾ ਸਾਡੇ ਪਰਮੇਸ਼ਰ ਦੀ ਹੈ"*

ਜ਼ਬੂਰ 91:1 *"ਜਿਹੜਾ ਅੱਤ ਮਹਾਨ ਦੀ ਓਟ ਵਿੱਚ ਵੱਸਦਾ ਹੈ ਉਹ ਸਰਬ ਸ਼ਕਤੀਮਾਨ ਦੇ ਸਾਯੇ ਹੇਠ ਟਿਕੇਗਾ"।*

## ਮਸੀਹੀਆਂ ਉੱਤੇ ਸਤਾਓ ਦੀ ਸ਼ੁਰੂਆਤ

ਪਰਮੇਸ਼ੁਰ ਦੇ ਚੇਲਿਆਂ ਦਾ ਇਤਿਹਾਸਕ ਵਰਣਨ:

**ਇਸਤੀਫ਼ਾਨ** ਯਿਸੂ ਦੇ ਸਲੀਬ ਉੱਤੇ ਚੜਾਏ ਜਾਣ ਤੋਂ ਬਾਅਦ ਪਸਾਹ ਦੇ ਦਿਨ ਯਰੂਸ਼ਲਮ ਵਿੱਚ ਪ੍ਰਚਾਰ ਕਰ ਰਿਹਾ ਸੀ। ਉਸ ਨੂੰ ਸ਼ਹਿਰ ਤੋਂ ਬਾਹਰ ਕੱਢਿਆ ਗਿਆ ਅਤੇ ਪੱਥਰ ਮਾਰ ਕੇ ਮਾਰ ਦਿੱਤਾ ਗਿਆ। ਇਸ ਸਮੇਂ ਦੌਰਾਨ ਲੱਗਭਗ 2000 ਮਸੀਹੀ ਸ਼ਹੀਦ ਹੋਏ (ਲੱਗਭਗ 34 ਈ.ਪੂ.)

**ਯਾਕੂਬ** ਜ਼ਬਦੀ ਦਾ ਪੁੱਤਰ ਅਤੇ ਯੂਹੰਨਾ ਦਾ ਵੱਡਾ ਭਰਾ ਓਦੋਂ ਮਾਰਿਆ ਗਿਆ ਜਦੋਂ ਹੇਰੋਦੇਸ ਅਗ੍ਰਿੱਪਾ ਯਹੂਦਾਹ ਦੇ ਸ਼ਾਸ਼ਕ ਦੇ ਰੂਪ ਵਿੱਚ ਆਇਆ। ਅਗ੍ਰਿਪਾ ਦੇ ਸ਼ਾਸ਼ਨ ਦੇ ਸਮੇਂ ਬਹੁਤ ਸਾਰੇ ਪਹਿਲੇ ਚੇਲੇ ਸ਼ਹੀਦ ਹੋਏ, ਜਿਨ੍ਹਾਂ ਵਿੱਚ ਤਿਮੋਨ ਅਤੇ ਪਰਮੀਨਾਸ ਵੀ ਸ਼ਾਮਲ ਸਨ (ਲੱਗਭਗ 44ਈ.ਪੂ.)

**ਫਿਲਿੱਪ** ਗਲੀਲ ਦੇ ਬੈਤਸਦਾ ਤੋਂ ਇੱਕ ਚੇਲਾ ਸੀ, ਉਹ ਫ੍ਰਿਗੀਆ ਦੇ ਹੇਲੀਓਪਲੀਸ ਵਿੱਚ ਸ਼ਹੀਦ ਹੋਇਆ। ਉਸ ਨੂੰ ਕੋੜ੍ਹੇ ਮਾਰੇ ਗਏ, ਕੈਦ ਵਿੱਚ ਪਾਇਆ ਗਿਆ ਅਤੇ ਫਿਰ ਸਲੀਬ ਉੱਤੇ ਚੜਾਇਆ ਗਿਆ (ਲੱਗਭਗ 54 ਈ.ਪੂ.)

**ਮੱਤੀ**, ਨਾਸਰਤ ਦਾ ਇੱਕ ਕਰ ਲੈਣ ਵਾਲਾ ਸੀ, ਜਿਸ ਨੇ ਇਬਰਾਨੀ ਭਾਸ਼ਾ ਵਿੱਚ ਇੱਕ ਇੰਜੀਲ ਲਿਖੀ ਸੀ, ਉਹ ਈਥੋਪੀਆ ਵਿੱਚ ਪ੍ਰਚਾਰ ਕਰ ਰਿਹਾ ਸੀ ਜਦੋਂ ਉਸ ਨੂੰ ਤਲਵਾਰ ਨਾਲ ਸ਼ਹੀਦ ਕਰ ਦਿੱਤਾ ਗਿਆ (60 ਈ.ਪੂ.)।

**ਜੇਮਸ**, ਯਿਸੂ ਦਾ ਭਰਾ, ਯਰੂਸ਼ਲਮ ਵਿੱਚ ਅਰੰਭ ਹੋਈ ਪਹਿਲੀ ਕਲੀਸਿਯਾ ਵਿੱਚ ਸੇਵਾ ਕਰਦਾ ਸੀ ਅਤੇ ਬਾਈਬਲ ਵਿੱਚ ਇੱਕ ਪੁਸਤਕ ਦਾ ਲੇਖਕ ਸੀ। 94 ਸਾਲ ਦੀ ਉਮਰ ਵਿੱਚ ਉਹ ਨੂੰ ਕੁੱਟਿਆ ਗਿਆ ਅਤੇ ਪੱਥਰਾਓ ਕੀਤਾ ਗਿਆ ਅਤੇ ਅੰਤ ਵਿੱਚ ਉਸ ਦੇ ਦਿਮਾਗ ਉੱਤੇ ਲੋਹੇ ਦੇ ਡੰਡੇ ਮਾਰਿਆ ਗਿਆ।

**ਮਥਿਆਸ** ਰਸੂਲ ਸੀ ਜਿਸ ਨੇ ਯਹੂਦਾ ਦਾ ਸਥਾਨ ਲਿਆ ਸੀ। ਉਸ ਉੱਤੇ ਯਰੂਸ਼ਲਮ ਵਿੱਚ ਪੱਥਰਾਓ ਕੀਤਾ ਗਿਆ ਅਤੇ ਫਿਰ ਉਸ ਦਾ ਸਿਰ ਕਲਮ ਕਰ ਦਿੱਤਾ ਗਿਆ।

**ਅੰਦ੍ਰਿਯਾਸ**, ਪਤਰਸ ਦੇ ਭਰਾ ਅੰਦ੍ਰਿਯਾਸ ਨੇ ਪੂਰੇ ਏਸ਼ੀਆ ਵਿੱਚ ਖ਼ੁਸ਼ ਖ਼ਬਰੀ ਦਾ ਪ੍ਰਚਾਰ ਕੀਤਾ। ਐਡੇਸਾ ਪਹੁੰਚਣ 'ਤੇ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸਲੀਬ ਉੱਤੇ ਚੜਾਇਆ ਗਿਆ, ਸਲੀਬ ਜਿਸ ਦੇ ਦੋ ਸਿਰੇ ਜ਼ਮੀਨ ਵਿੱਚ ਦੱਬੇ ਹੋਏ ਸਨ। (ਇਸ ਲਈ ਇਸ ਨੂੰ ਸੰਤ ਅੰਦ੍ਰਿਯਾਸ ਦੀ ਸਲੀਬ ਕਿਹਾ ਜਾਂਦਾ ਹੈ)

**ਮਰਕੁਸ** ਪਤਰਸ ਦੁਆਰਾ ਮਸੀਹੀ ਬਣਿਆ ਸੀ ਅਤੇ ਫਿਰ ਉਸ ਨੇ ਆਪਣ ਇੰਜੀਲ ਵਿੱਚ ਯਿਸੂ ਬਾਰੇ ਕੀਤੇ ਗਏ ਪਤਰਸ ਦੇ ਵਰਣਨ ਦੀ ਨਕਲ ਕੀਤੀ। ਮਰਕੁਸ ਨੂੰ ਸਰਾਪਿਸ ਦੇ ਸਾਹਮਣੇ ਜੋ ਉਨ੍ਹਾਂ ਦੇ ਦੇਵਤੇ ਦੀ ਮੂਰਤੀ ਸੀ, ਸਿਕੰਦਰੀਆ ਦੇ ਲੋਕਾਂ ਨੇ ਟੁੱਕੜੇ ਟੁੱਕੜੇ ਕਰ ਦਿੱਤਾ।

**ਪਤਰਸ** ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ ਅਤੇ ਰੋਮ ਵਿੱਚ ਸਲੀਬ ਦਿੱਤੀ ਗਈ ਸੀ। ਜਰੋਮ ਕਹਿੰਦਾ ਹੈ ਕਿ ਪਤਰਸ ਦੇ ਬੇਨਤੀ ਕਰਨ ਦੇ ਕਾਰਨ ਉਸ ਨੂੰ ਉਲਟਾ ਸਲੀਬ ਉੱਤੇ ਚੜਾਇਆ ਗਿਆ ਸੀ, ਕਿਉਂਕਿ ਉਸ ਨੇ ਕਿਹਾ ਕਿ ਉਹ ਆਪਣੇ ਪ੍ਰਭੂ ਦੇ ਵਾਂਗ ਸਲੀਬ ਉੱਤੇ ਚੜਨ ਦੇ ਯੋਗ ਨਹੀਂ ਹੈ।

**ਨੀਰੋ** ਦੇ ਰਾਜ ਵਿੱਚ ਹੋਏ ਪਹਿਲੇ ਸਤਾਓ ਦੌਰਾਨ ਪੌਲੁਸ ਨੂੰ ਸਤਾਇਆ ਗਿਆ। ਉਸ ਬਦਲਾਵ ਦੇ ਅਸਰ ਕਾਰਨ ਜੋ ਉਸ ਦੇ ਸ਼ਹੀਦ ਹੋਣ ਕਾਰਨ ਲੋਕਾਂ ਉੱਤੇ ਪੈਣਾ ਸੀ, ਉਸ ਨੂੰ ਸ਼ਹਿਰ ਦੇ ਬਾਹਰ ਇੱਕ ਨਿਜੀ ਸਥਾਨ ’ਤੇ ਲਿਜਾਇਆ ਗਿਆ ਅਤੇ ਉੱਥੇ ਉਸ ਦੇ ਸਿਰ ਨੂੰ ਤਲਵਾਰ ਨਾਲ ਵੱਢ ਦਿੱਤਾ ਗਿਆ।

**ਯਹੂਦਾਹ**, ਜੋ ਯਾਕੂਬ ਦਾ ਭਰਾ ਸੀ, ਨੂੰ ਆਮ ਤੌਰ ਤੇ ਥਡਿਏਸ ਕਿਹਾ ਜਾਂਦਾ ਸੀ। ਉਸ ਨੂੰ 72 ਈ.ਪੂ. ਵਿੱਚ ਏਡੈਸਾ ਵਿੱਚ ਸਲੀਬ ਉੱਤੇ ਚੜਾਇਆ ਗਿਆ ਸੀ।

**ਬਰਥੁਲਮਈ** ਨੇ ਭਾਰਤ ਵਿੱਚ ਮੱਤੀ ਦੀ ਇੰਜੀਲ ਦਾ ਅਨੁਵਾਦ ਕੀਤਾ। ਉਸ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ ਅਤੇ ਮੂਰਤੀ ਪੂਜਕਾਂ ਦੁਆਰਾ ਸਲੀਬ ਉੱਤੇ ਚੜਾਇਆ ਗਿਆ।

**ਥੋਮਾ** ਜਿਸ ਨੂੰ ਡਡਮਸ ਕਿਹਾ ਜਾਂਦਾ ਹੈ, ਉਸ ਨੇ ਪਾਰਥੀਆ ਅਤੇ ਭਾਰਤ ਵਿਚ ਪ੍ਰਚਾਰ ਕੀਤਾ। ਉਸ ਨੂੰ ਝੂਠੇ ਪੁਜਾਰੀਆਂ ਦੁਆਰਾ ਇਕ ਬਰਛੇ ਨਾਲ ਮਾਰ ਦਿੱਤਾ ਗਿਆ ਸੀ।

**ਲੂਕਾ**, ਲੂਕਾ ਦੀ ਇੰਜੀਲ ਦਾ ਲੇਖਕ ਸੀ ਉਸ ਨੇ ਪੌਲੁਸ ਦੇ ਨਾਲ ਵੱਖ-ਵੱਖ ਦੇਸਾਂ ਵਿੱਚ ਸਫ਼ਰ ਕੀਤਾ ਅਤੇ ਉਸ ਨੂੰ ਯੂਨਾਨ ਵਿੱਚ ਮੂਰਤੀ ਪੂਜਕ ਜਾਜਕਾਂ ਦੁਆਰਾ ਜ਼ੈਤੂਨ ਦੇ ਰੁੱਖ ਉੱਤੇ ਫਾਂਸੀ ਦੇ ਦਿੱਤੀ ਗਈ।

ਸਾਈਪ੍ਰਸ ਦੇ **ਬਰਨਬਾਸ** ਨੂੰ 73 ਈ.ਪੂ. ਵਿੱਚ ਬਿਨ੍ਹਾਂ ਕੋਈ ਕਾਰਨ ਜਾਣੇ ਮਾਰ ਦਿੱਤਾ ਗਿਆ।

**ਸ਼ਿਮਓਨ** ਜਿਸ ਦਾ ਨਾਮ ਜ਼ਿਲੋਟ ਵੀ ਸੀ, ਨੇ ਬਰਤਾਨੀਆਂ ਅਤੇ ਅਫ਼ਰੀਕਾ ਵਿੱਚ ਪ੍ਰਚਾਰ ਕੀਤਾ, ਜਿੱਥੇ ਉਸ ਨੂੰ 74 ਈ.ਪੂ. ਵਿੱਚ ਸਲੀਬ ਉੱਤੇ ਚੜ੍ਹਾ ਦਿੱਤਾ ਗਿਆ।

**ਯੂਹੰਨਾ**, ਜੋ ਕਿ "ਪਿਆਰਾ ਚੇਲਾ" ਸੀ, ਉਹ ਯਾਕੂਬ ਦਾ ਭਰਾ ਸੀ। ਭਾਵੇਂ ਕਿ ਉਸ ਨੇ ਬਹੁਤ ਦੁੱਖ ਝੱਲਿਆ, ਉਹ ਕੈਦ ਵਿੱਚ ਰਿਹਾ ਜਿੱਥੇ ਉਸ ਨੇ ਪਰਕਾਸ਼ ਦੀ ਪੋਥੀ ਲਿਖੀ, ਪਰ ਉਹ ਇੱਕੋ ਰਸੂਲ ਸੀ ਜੋ ਹਿੰਸਕ ਮੌਤ ਤੋਂ ਬਚਿਆ।